# ਸਮਕਾਲੀ ਧਰਮ-ਚਿੰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਵਿਰਸੇ ਦਾ ਪਾਵਨ ਗ੍ਰੰਥ ਹੋਣ ਦੇ ਨਾਲ ਨਾਲ, ਮੱਧਕਾਲੀਨ ਭਾਰਤ ਦੀ ਮਹੱਤਵਯੋਗ ਧਾਰਮਿਕ ਅਤੇ ਸੱਭਿਆਚਾਰਕ ਟੈਕਸਟ ਵੀ ਹੈ। ਗੁਰੂ ਅਰਜਨ ਦੇਵ ਦੁਆਰਾ, ਅੱਜ ਤੋਂ ਚਾਰ ਸੌ ਸਾਲ ਪਹਿਲਾਂ, 1604 ਈਸਵੀ ਵਿਚ, ਰਚੇ ਗਏ ਇਸ ਮਹਾਂ-ਗ੍ਰੰਥ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਸੰਕਲਿਤ ਅਤੇ ਸੰਪਾਦਿਤ ਰਚਨਾ ਹੈ। ਇਸ ਵਿਚ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਅਤੇ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਾਰਤ ਦੀਆਂ ਭਿੰਨ-ਭਿੰਨ ਭਾਸ਼ਾਵਾਂ, ਭੂਗੋਲਿਕ ਖਿੱਤਿਆਂ, ਖੇਤਰੀ ਸੱਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ ਅਤੇ ਭਗਤਾਂ ਦੀ ਬਾਣੀ ਦੇ ਨਾਲ ਨਾਲ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਫ਼ਰੀਦ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਿੱਖ ਸੰਸਥਾ ਦੇ ਅੰਤਰਗਤ **ਸ਼ਬਦ-ਗੁਰੂ** ਦਾ ਦਰਜਾ ਰੱਖਣ ਵਾਲੇ ਇਸ ਪਾਵਨ ਗ੍ਰੰਥ ਵਿਚ ਸ਼ਾਮਿਲ ਸਮੁੱਚੀ ਬਾਣੀ ਨੂੰ **ਗੁਰਬਾਣੀ** ਵਜੋਂ ਮਾਨਤਾ ਪ੍ਰਾਪਤ ਹੈ। ਮਹੱਤਵਪੂਰਣ ਗੱਲ ਇਹ ਹੈ ਕਿ 12ਵੀਂ ਸਦੀ ਈਸਵੀ ਤੋਂ ਲੈਕੇ 17ਵੀਂ ਸਦੀ ਈਸਵੀ ਦੇ ਲੰਮੇ ਵਿਸਤਾਰ ਵਿਚ ਫੈਲੀ ਹੋਈ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਮਨੁੱਖੀ ਜੀਵਨ, ਜਗਤ ਅਤੇ ਯਥਾਰਥ ਬਾਰੇ ਇਸਦਾ ਸਮਾਨ ਦ੍ਰਿਸ਼ਟੀਕੋਣ ਹੀ ਇਸਦੀ ਅੰਦਰੂਨੀ ਏਕਤਾ ਅਤੇ ਵਿਚਾਰਧਾਰਾਈ ਇਕਸੁਰਤਾ ਦਾ ਲਖਾਇਕ ਹੈ ਜਿਸਦੇ ਸਾਮ੍ਹਣੇ ਇਸਦੇ ਸਮੂਹ ਖੇਤਰੀ, ਭਾਸ਼ਾਈ ਅਤੇ ਸੱਭਿਆਚਾਰਕ ਵਖਰੇਵੇਂ ਮਹੱਤਵਹੀਣ ਹੋ ਨਿਬੜਦੇ ਹਨ।

ਇਸ ਪਾਵਨ-ਗ੍ਰੰਥ ਦੀ ਦੂਸਰੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਧਰਮ, ਸਮਾਜ ਅਤੇ ਸੱਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ। ਸਮਕਾਲੀਨ ਭਾਰਤੀ ਇਤਿਹਾਸਕਾਰਾਂ ਨੇ ਇਸਦੀ ਨਿਸ਼ਾਨਦੇਹੀ ਭਗਤੀ ਲਹਿਰ ਦੇ ਰੂਪ ਵਿਚ ਕੀਤੀ ਹੈ। ਸੱਭਿਆਚਾਰਕ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਧਰਮ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉੱਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ। ਇਸਤੋਂ ਇਲਾਵਾ ਇਸ ਲਹਿਰ ਨੇ ਤੱਤਕਾਲੀਨ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਅਤੇ ਪ੍ਰਚੱਲਤ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸੰਗਠਨਾਂ ਨੂੰ ਵੰਗਾਰਦਿਆਂ ਪੀੜਿਤ ਲੋਕਾਈ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਜਗਾਇਆ। ਸਮਕਾਲੀ ਮੁਹਾਵਰੇ ਅਨੁਸਾਰ, ਇਸ ਪਾਵਨ ਗ੍ਰੰਥ ਨੂੰ ਦਮਨਕਾਰੀ **ਸ਼ਕਤੀ-ਪ੍ਰਵਚਨ** ਨਾਲ ਸੰਵਾਦ ਰਚਾਉਣ ਵਾਲੇ **ਮੁਕਤੀ-ਪ੍ਰਵਚਨ** ਦਾ ਪ੍ਰਤੀਕ ਮੰਨਿਆਂ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮਾਨਵਜਾਤੀ ਦੇ ਅਵਚੇਤਨ

ਵਿਚ ਵਸਦੀ ਉਸ ਸਦੀਵੀ ਲੋਚਾ ਨੂੰ ਮੂਰਤੀਮਾਨ ਕਰਦਾ ਹੈ ਜੋ ਹਰ ਕਿਸਮ ਦੇ ਜ਼ੁਲਮ, ਤਸ਼ੱਦਦ, ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ।

ਹੱਥਲੇ ਪਰਚੇ ਵਿਚ ਸਾਡਾ ਮੁੱਖ ਸਰੋਕਾਰ ਇਸ ਅਦੁੱਤੀ ਪਾਵਨ ਗ੍ਰੰਥ ਨੂੰ ਧਾਰਮਿਕ ਵਰਤਾਰੇ ਅਤੇ ਵਿਹਾਰ ਦੀ ਸਮਕਾਲੀ ਸਥਿਤੀ ਅਤੇ ਧਰਮ-ਅਧਿਐਨ ਦੇ ਵਰਤਮਾਨ ਸੰਦਰਭ ਵਿਚ ਰੱਖ ਕੇ ਵਾਚਣ ਨਾਲ ਹੈ। ਚਿੰਤਨ ਅਤੇ ਚੇਤਨਾ ਦੇ ਅਜੋਕੇ ਦੌਰ ਵਿਚ ਜਦੋਂ ਅਸੀਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਦੇ ਚਾਰ ਸੌ-ਸਾਲਾ ਉਤਸਵ ਮਨਾ ਰਹੇ ਹਾਂ ਤਾਂ ਇਸਦੇ ਪਾਠ ਅਤੇ ਪ੍ਰਵਚਨ ਨੂੰ ਉਪਰੋਕਤ ਸੰਦਰਭ ਵਿਚ ਰੱਖ ਕੇ ਵਾਚਣਾ ਹੋਰ ਵੀ ਵਧੇਰੇ ਜ਼ਰੂਰੀ ਜਾਪਦਾ ਹੈ। ਕਾਰਣ ਇਹ ਹੈ ਕਿ ਅੱਜ ਦੁਨੀਆਂ ਦੇ ਕੋਨੇ ਕੋਨੇ ਉੱਤੇ ਧਾਰਮਿਕ ਗਤੀ-ਵਿਧੀਆਂ ਅਤੇ ਸਰਗਰਮੀਆਂ ਦਾ ਅਜਿਹਾ ਅਨੋਖਾ ਉਭਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਨੂੰ ਸਮਕਾਲੀ ਵਿਦਵਾਨਾਂ ਨੇ **ਧਰਮ ਦੀ ਵਾਪਸੀ** ਦਾ ਨਾਮ ਦਿੱਤਾ ਹੈ। ਪਰ ਅਜੋਕੇ ਸੰਸਾਰ ਵਿਚ ਤੇਜ਼ੀ ਨਾਲ ਵਿਕਸਿਤ ਹੋ ਰਹੀ ਉੱਤਰ-ਉਦਿਓਗਿਕ ਅਰਥ-ਵਿਵਸਥਾ ਅਤੇ ਉੱਤਰ-ਆਧੁਨਿਕ ਸੋਚ ਦੇ ਸੰਦਰਭ ਵਿਚ ਧਰਮ ਦੀ ਇਹ ਵਾਪਸੀ ਇਕ-ਇਕਹਿਰੇ ਸੁਭਾ ਵਾਲੀ ਨਹੀਂ ਸਗੋਂ ਦੂਹਰੇ ਚਰਿਤਰ ਵਾਲੀ ਹੈ। ਕਿਧਰੇ ਇਹ ਖਪਤ-ਸੱਭਿਆਚਾਰ ਦੀ ਅਰਥਹੀਣਤਾ ਦੇ ਅਹਿਸਾਸ ਵਿਚੋਂ ਉਪਜੀ ਰੂਹਾਨੀ ਜਾਗ੍ਰਿਤੀ ਦੇ ਰੂਪ ਵਿਚ ਅਤੇ ਕਿਧਰੇ ਅਖੌਤੀ ਧਰਮ-ਯੁੱਧ ਜਾਂ ਜਿਹਾਦ ਦੇ ਰੂਪ ਵਿਚ ਸਾਮ੍ਹਣੇ ਆਈ ਹੈ। ਇਹੀ ਕਾਰਣ ਹੈ ਕਿ ਅਜੋਕੇ ਸੰਸਾਰ ਵਿਚ ਧਰਮ ਦੇ ਕਲਿਆਣਕਾਰੀ ਅਤੇ ਮਾਨਵ-ਹਿਤਕਾਰੀ ਸਰੂਪ ਦੇ ਨਾਲ ਨਾਲ ਉਸਦਾ ਵਿਨਾਸ਼ਕਾਰੀ ਅਤੇ ਭਿਆਨਕ ਚਿਹਰਾ ਵੀ ਸਾਮ੍ਹਣੇ ਆਇਆ ਹੈ - ਕਿਧਰੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਮੂਲਵਾਦੀ ਧਾਰਮਿਕ ਲਹਿਰਾਂ ਦੇ ਰੂਪ ਵਿਚ ਅਤੇ ਕਿਧਰੇ ਆਤਮਘਾਤੀ ਦਸਤਿਆਂ ਦੀਆਂ ਦਹਿਸ਼ਤਗਰਦੀ ਕਾਰਵਾਈਆਂ ਦੇ ਰੂਪ ਵਿਚ। ਸੂਝਵਾਨ ਵਿਚਾਰਵਾਨਾਂ ਨੇ ਮਾਨਵ-ਜਾਤੀ ਨੂੰ ਵਿਭਿੰਨ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੇ ਟਕਰਾਉ ਦੇ ਰਾਹ ਤੋਰਣ ਵਾਲੇ ਇਸ ਅਖੌਤੀ **ਧਰਮ-ਯੁੱਧ** ਦਾ ਬਦਲ **ਅੰਤਰ-ਧਰਮ-ਸੰਵਾਦ** ਨੂੰ ਮੰਨਿਆਂ ਹੈ।ਮਸਲਾ ਧਰਮ ਦੇ ਹਕੀਕੀ ( ਰੂਹਾਨੀ ) ਅਰਥਾਂ ਨੂੰ ਪਛਾਨਣ ਦਾ ਹੈ ਜਿਸਨੂੰ ਸੁਹਿਰਦਤਾ ਅਤੇ ਸੰਵਾਦ ਨਾਲ ਹੀ ਨਜਿਠਿਆ ਜਾ ਸਕਦਾ ਹੈ।[4] ਦੇਖਣਾ ਇਹ ਹੈ ਕਿ ਸਿੱਖ ਧਰਮ ਦੀ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਨੂੰ ਮੂਰਤੀਮਾਨ ਕਰਨ ਵਾਲਾ ਇਹ ਪਾਵਨ ਗ੍ਰੰਥ, ਧਰਮ ਦੀ ਅਖੌਤੀ ਵਾਪਸੀ ਅਤੇ ਅੰਤਰ-ਧਰਮ-ਸੰਵਾਦ ( inter-religious dialogue ) ਦੇ ਅਜੋਕੇ ਦੌਰ ਵਿਚ ਧਰਮ ਦੇ ਹਕੀਕੀ ਅਰਥਾਂ ਨੂੰ ਪੁਨਰ-ਸਥਾਪਿਤ ਕਰਨ ਵਿਚ ਕਿਸ ਕਿਸਮ

---

[4] *"Perhaps the only way to counteract the wars of religion breaking out everywhere is to lay the basis for a new foundation . . . For the shards of religion that survive, in their diversity, clearly seem to be incapable of giving unity and solidity to an ever more regional and fragmented world. On the contrary, they heighten feelings of mutual suspicion, mistrust and hatred. The world that is emerging with the end of the Cold War and Eastern / Western blocs is plainly polycentric*
Jacques Derrida and Gianni Vattimo ( eds. ) **Religion,** Polity Press , 1998. P- 99-100.

ਦੀ ਭੂਮਿਕਾ ਨਿਭਾ ਸਕਦਾ ਹੈ। ਇਸ ਮੰਤਵ ਦੀ ਪੂਰਤੀ ਲਈ ਸੱਭ ਤੋਂ ਪਹਿਲਾਂ ਧਰਮ-ਅਧਿਐਨ ਦੇ ਵਿਸ਼ਵ-ਵਿਆਪੀ ਪਰਿਪੇਖ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ।

ਧਰਮ ਦੇ ਵਸਤੂਮੂਲਕ ਅਤੇ ਬਾਹਰ-ਮੁਖੀ ਅਧਿਐਨ ਦੀ ਸ਼ੁਰੂਆਤ 18ਵੀਂ ਸਦੀ ਦੇ ਅੱਧ ਵਿਚ ਉੱਭਰੀ ਯੂਰਪ ਦੀ ਉਸ ਬੌਧਿਕ ਜਾਗ੍ਰਿਤੀ-ਲਹਿਰ ( enlightenment movement ) ਦੇ ਅੰਤਰਗਤ ਹੋਈ ਜਿਸਨੇ ਤਰਕ ਅਤੇ ਵਿਵੇਕ ਨੂੰ ਗਿਆਨ ਦਾ ਮੂਲ ਆਧਾਰ ਮੰਨਦਿਆਂ ਜੀਵਨ ਅਤੇ ਯਥਾਰਥ ਦੀ ਤਰਕਸ਼ੀਲ ਵਿਆਖਿਆ ਦਾ ਮੁੱਢ ਬੰਨ੍ਹਿਆਂ। ਵਿਗਿਆਨ-ਚੇਤਨਾ ਉੱਪਰ ਆਧਾਰਿਤ ਇਸ ਲਹਿਰ ਨਾਲ ਸੰਬੰਧਿਤ ਚਿੰਤਕਾਂ ਨੇ ਧਾਰਮਿਕ ਵਰਤਾਰੇ ਅਤੇ ਵਿਹਾਰ ਦਾ ਅਧਿਐਨ ਕਰਨ ਲਈ ਵੀ ਤਰਕਸ਼ੀਲਤਾ ਹੀ ਮੁਖ ਰੱਖਿਆ। ਬੁੱਧ-ਵਿਵੇਕ ਅਤੇ ਤਰਕ ਦੀ ਇਸ ਕਸਵੱਟੀ ਉੱਤੇ ਪਰਖਦਿਆਂ ਉਨ੍ਹਾਂ ਨੇ ਧਰਮ ਨੂੰ ਅੰਧ-ਵਿਸ਼ਵਾਸ਼ ਅਤੇ ਵਹਿਮ-ਭਰਮ ਦੀ ਉਪਜ ਆਖਿਆ। ਇਸੇ ਤਰ੍ਹਾਂ ਹੀ ਉਨ੍ਹਾਂ ਨੇ ਪਰਾਭੌਤਿਕਤਾ ਅਤੇ ਮਿਥ ਦਾ ਵੀ ਖੰਡਨ ਕੀਤਾ ਜਿਨ੍ਹਾਂ ਨੂੰ ਧਰਮ ਦੀ ਹੋਂਦ-ਵਿਧੀ ਦਾ ਅਟੁੱਟ ਅੰਗ ਸਵੀਕਾਰ ਕੀਤਾ ਜਾਂਦਾ ਸੀ। ਯੂਰਪ ਦੀ ਇਸ ਬੌਧਿਕ ਜਾਗ੍ਰਿਤੀ ਲਹਿਰ ਨੇ ਹੀ ਆਧੁਨਿਕ ਚਿੰਤਨ ਅਤੇ ਚੇਤਨਾ ਦਾ ਧਰਮ-ਨਿਰਪੇਖ ਸਿੱਧਾਂਤਕ ਆਧਾਰ ਤਿਆਰ ਕੀਤਾ। ਇਹੀ ਕਾਰਨ ਹੈ ਕਿ ਧਰਮ ਨੂੰ ਮਿਥਿਆ ਚੇਤਨਾ ਜਾਂ ਭ੍ਰਾਂਤੀ-ਮੂਲਕ ਗਿਆਨ ਆਖ ਕੇ ਸੱਭਿਆਚਾਰ ਵਿਚੋਂ ਬੇਦਖ਼ਲ ਕਰਨ ਦੀ ਇਹ ਪ੍ਰਵਿਰਤੀ ਆਧੁਨਿਕ ਕਾਲ ਦੇ ਸਮਾਨੰਤਰ ਤੁਰਦੀ ਦਿਖਾਈ ਦਿੰਦੀ ਹੈ।

ਉੱਤਰ-ਆਧੁਨਿਕ ਚਿੰਤਨ-ਵਿਧੀ ਨੇ ਧਰਮ ਬਾਰੇ ਉਪਰੋਕਤ ਆਧੁਨਿਕਵਾਦੀ ਪਹੁੰਚ ਦੀ ਸਮੀਖਿਆ ਕਰਦਿਆਂ ਯਥਾਰਥ ਦੇ ਗਿਆਨ, ਅਨੁਭਵ ਅਤੇ ਬੋਧ ਨੂੰ ਨਿਰੋਲ ਤਾਰਕਿਕ ਗਿਆਨ ਦੀ ਇਜਾਰੇਦਾਰੀ ਤੋਂ ਮੁਕਤ ਕਰਕੇ ਸਮਝ ਅਤੇ ਸੂਝ ਦੇ ਸਮਾਨੰਤਰ ਬਦਲਵੇਂ ਗਿਆਨ-ਪ੍ਰਬੰਧਾਂ ਦੀ ਚੇਤਨਾ ਜਗਾਈ ਜੋ ਅਜੋਕੇ ਗਿਆਨਸ਼ਾਸਤਰ ਦੀ ਮੁੱਲਵਾਨ ਅੰਤਰ-ਦ੍ਰਿਸ਼ਟੀ ਮੰਨੀ ਜਾ ਸਕਦੀ ਹੈ। ਇਸ ਚਿੰਤਨ-ਵਿਧੀ ਨੇ ਇਸੇ ਅੰਤਰ-ਦ੍ਰਿਸ਼ਟੀ ਅਨੁਸਾਰ ਧਾਰਮਿਕ ਵਰਤਾਰੇ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਅਤੇ ਧਰਮ ਬਾਰੇ ਪੁਨਰ-ਚਿੰਤਨ ਨੂੰ ਉਤਸਾਹਿਤ ਕੀਤਾ ਹੈ। ਇਸ ਨਵੀਨ ਗਿਆਨਸ਼ਾਸਤਰੀ ਪਹੁੰਚ ਨੇ ਮਨੁੱਖੀ ਸੱਭਿਆਚਾਰ ਵਿਚ ਧਰਮ ਦੀ ਸਾਰਥਕਤਾ ਨੂੰ ਨਵੇਂ ਸਿਰਿਉਂ ਸਥਾਪਿਤ ਕਰਨ ਦਾ ਉੱਦਮ ਕੀਤਾ ਹੈ। ਕੁਝ ਸਮਕਾਲੀ ਵਿਦਵਾਨਾਂ ਨੇ ਇਸਨੂੰ ਬੌਧਿਕ ਜਾਗ੍ਰਿਤੀ ਲਹਿਰ ਦੇ ਵਿਰੋਧ ਵਿਚ ਰੱਖ ਕੇ ਦੇਖਣ ਦੀ ਬਜਾਇ ਉਸਦੀ ਨਿਰੰਤਰਤਾ ਦਾ ਹੀ ਨਵਾਂ ਪੜਾਉ ਆਖਿਆ ਹੈ ਕਿਉਂ ਜੋ ਇਸ ਵਿਚ ਤਰਕਸ਼ੀਲਤਾ ਨੂੰ ਨਕਾਰਨ ਦੀ ਬਜਾਇ ਉਸਨੂੰ ਵਿਸਤਾਰਣ ਦੀ ਰੁਚੀ ਵਧੇਰੇ ਹੈ। ਧਰਮ-ਅਧਿਐਨ ਦੀ ਦ੍ਰਿਸ਼ਟੀ ਤੋਂ ਆਧੁਨਿਕਤਾ ਤੋਂ ਉੱਤਰ-ਆਧੁਨਿਕਤਾ ਤਕ ਦੀ ਯਾਤਰਾ ਬੌਧਿਕ ਖੇਤਰ ਵਿਚ ਧਰਮ-ਚਿੰਤਨ ਦੀ ਵਾਪਸੀ ਦੀ ਲਖਾਇਕ ਹੈ।

ਵਾਸਤਵ ਵਿਚ ਧਰਮ ਮਨੁੱਖੀ ਸਮਾਜ-ਸੱਭਿਆਚਾਰ ਨੂੰ ਪ੍ਰਭਾਵਿਤ ਕਰਨ ਵਾਲਾ ਅਜਿਹਾ ਵਿਸ਼ਵ-ਵਿਆਪੀ ਤੇ ਜਟਿਲ ਵਰਤਾਰਾ ਹੈ ਜੋ ਮੁੱਢ ਕਦੀਮ ਤੋਂ ਮਾਨਵਜਾਤੀ ਦੇ ਅੰਗ-ਸੰਗ ਰਿਹਾ ਹੈ ਪਰ ਤਾਂ ਵੀ ਇਸ ਨੂੰ ਕਿਸੇ ਸਰਲ, ਸਰਬ-ਪ੍ਰਵਾਨਿਤ ਜਾਂ ਨਿਸ਼ਚਿਤ ਪਰਿਭਾਸ਼ਾ ਦੇ ਘੇਰੇ ਵਿਚ ਬੰਨ੍ਹਣਾ ਬਹੁਤ ਔਖਾ ਹੈ। ਵਿਭਿੰਨ ਗਿਆਨ-ਅਨੁਸ਼ਾਸਨਾਂ ਨੇ ਇਸਨੂੰ ਆਪੋ-ਆਪਣੇ ਦ੍ਰਿਸ਼ਟੀ-ਬਿੰਦੂ ਤੋਂ ਅੰਦਰੋਂ ਜਾਂ ਬਾਹਰੋਂ ਪਰਿਭਾਸ਼ਿਤ ਕਰਨ ਦੇ

ਉਪਰਾਲੇ ਕੀਤੇ ਹਨ। ਇਹ ਸਮੂਹ ਉਪਰਾਲੇ ਜਾਂ ਤਾਂ ਧਰਮ ਦੀ ਰਚਨਾ-ਸੰਰਚਨਾ, ਉਸਦੇ ਸਰੂਪ ਅਤੇ ਪ੍ਰਕਾਰਜ ਦਾ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੁੰਦੇ ਹਨ ਅਤੇ ਜਾਂ ਦਾਰਸ਼ਨਿਕ ਦ੍ਰਿਸ਼ਟੀ ਤੋਂ ਧਰਮ ਦੇ ਮੂਲ ਤੱਤ ਨੂੰ ਪਰਿਭਾਸ਼ਿਤ ਕਰਨ ਵਲ ਰੁਚਿਤ ਹੁੰਦੇ ਹਨ। ਇਸ ਸੰਦਰਭ ਵਿਚ ਦਰਸ਼ਨਸ਼ਾਸਤਰ, ਮਨੋਵਿਗਿਆਨ, ਸਮਾਜਵਿਗਿਆਨ, ਰਾਜਨੀਤੀਵਿਗਿਆਨ ਅਤੇ ਮਾਨਵਵਿਗਿਆਨ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਪਰੰਪਰਕ ਦ੍ਰਿਸ਼ਟੀ ਤੋਂ ਧਾਰਮਿਕ ਵਰਤਾਰੇ ਅਤੇ ਵਿਹਾਰ ਦੀ ਵਿਆਖਿਆ ਪਾਵਨ / ਅਪਾਵਨ ( sacred / profane ) ਦੇ ਪ੍ਰਵਰਗਾਂ ਰਾਹੀਂ ਕੀਤੀ ਜਾਂਦੀ ਰਹੀ ਹੈ ਜੋ ਇਸਦੇ ਰਹੱਸਮਈ ਜਾਂ ਪਾਰਗਾਮੀ ਪਾਸਾਰ ਵਲ ਸੰਕੇਤ ਕਰਦੀ ਹੈ। ਮਿਸਾਲ ਵਜੋਂ, ਪ੍ਰਸਿੱਧ ਮਾਨਵ-ਵਿਗਿਆਨੀ Emile Durkheim ਨੇ ਧਰਮ ਨੂੰ ਪਾਵਨ ( sacred ) ਨਾਲ ਸੰਬੰਧਿਤ ਵਿਸ਼ਵਾਸ਼ਾਂ ਅਤੇ ਵਿਹਾਰਾਂ ਦਾ ਇਕਾਗਰ ਪ੍ਰਬੰਧ ਆਖਿਆ ਹੈ।[5] ਇਸੇ ਤਰ੍ਹਾਂ ਇਕ ਸਮਕਾਲੀ ਵਿਦਵਾਨ Douglas Groothuis ਨੇ ਧਰਮ ਦੀ ਨਿਮਨ-ਅੰਕਿਤ ਵਿਹਾਰਕ ਵਿਆਖਿਆ ਪੇਸ਼ ਕੀਤੀ ਹੈ :

"Religions involve social practices, institutions, and world views that lay claim to or presuppose certain objective truths concerning the existence of the sacred or holy, which is viewed as somehow transcending ( whether it be the Trinity, Yaweh, Allah, Brahman, the Tao, Nirvana, the Kami, etc. ) Religions normatively articulate ( or prescribe ) how people ought to be oriented toward the sacred or holy spiritually, existentially and socially."[6]

ਇਨ੍ਹਾਂ ਚਿੰਤਕਾਂ ਨੇ ਪਾਵਨ ਨੂੰ ਧਾਰਮਿਕ ਵਰਤਾਰੇ ਦਾ ਬੁਨਿਆਦੀ ਲੱਛਣ ਤਾਂ ਸਵੀਕਾਰ ਕੀਤਾ ਹੈ ਪਰ ਪਾਵਨ ਦੀ ਵਸਤੂਮੂਲਕ ਜਾਂ ਵਿਗਿਆਨਕ ਪਰਿਭਾਸ਼ਾ ਪੇਸ਼ ਨਹੀਂ ਕੀਤੀ। ਸੁਪ੍ਰਸਿੱਧ ਸਮਕਾਲੀ ਮਾਨਵਵਿਗਿਆਨੀ Clifford Geertz ਨੇ ਪਾਵਨ-ਅਪਾਵਨ ਦੇ ਪ੍ਰਵਰਗਾਂ ਨੂੰ ਛੱਡ ਕੇ ਧਰਮ ਦੀ ਨਿਮਨ-ਅੰਕਿਤ ਬਦਲਵੀ ਪਰਿਭਾਸ਼ਾ ਵੀ ਪੇਸ਼ ਕੀਤੀ ਹੈ ਜਿਸਦਾ ਆਪਣਾ ਮਹੱਤਵ ਹੈ :

"a religion is: ( i ) a system of symbols which acts to ( ii ) establish powerful, pervasive, and long-lasting moods and motivations in men by ( iii ) formulating conceptions of a general order of existence and ( iv ) clothing these conceptions with such an aura of factuality that ( v ) the moods and motivations seem uniquely realistic."[7]

---

[5] Durkheim, E. **The Elementary Forms of the Religious Life:** *A Study in Religious Sociology,* London, Allen& Unwin.

[6] Groothuis Douglas, **Religion and Philosophy of Religion, see** Doug And Becky' Site

[7] Geertz Clifford, **The Religion of java,** Chicago, University of Chicago Press. ( 1976 )

ਭਾਵੇਂ ਇਸ ਪਰਿਭਾਸ਼ਾ ਵਿਚ ਪਾਵਨ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਪਰ ਇਸਦੀ ਪ੍ਰਤੀਕਾਤਮਕ ਅਰਥ-ਧੁਨੀ ਇਥੇ ਵੀ ਸੁਣਾਈ ਦਿੰਦੀ ਹੈ। ਵਾਸਤਵ ਵਿਚ ਪਾਵਨ ਦਾ ਸੰਕਲਪ ਮਨੁੱਖੀ ਅਨੁਭਵ ਅਤੇ ਬੋਧ ਦੀ ਅਜਿਹੀ ਸਥਿਤੀ ਵਲ ਸੰਕੇਤ ਕਰਦਾ ਹੈ ਜਿਸਨੂੰ ਅੱਖਰੀ ਅਰਥਾਂ ਵਿਚ ਨਹੀਂ ਸਗੋਂ ਪ੍ਰਤੀਕਾਤਮਕ ਤੌਰ ਤੇ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਤਰਕ-ਚੇਤਨਾ ਨਾਲੋਂ ਵਧੇਰੇ ਰਹੱਸ-ਅਨੁਭਵ ਦਾ ਵਿਸ਼ਾ ਹੈ ਅਤੇ ਇਸਦੀ ਵਿਆਖਿਆ ਵੀ ਇਸੇ ਹੀ ਸੰਦਰਭ ਵਿਚ ਕੀਤੀ ਜਾ ਸਕਦੀ ਹੈ। ਸ਼ਾਇਦ ਪਾਵਨ ਦੇ ਇਸੇ ਕਿਸਮ ਦੇ ਰਹੱਸ-ਆਤਮਕ / ਪ੍ਰਤੀਕਾਤਮਕ ਅਰਥਾਂ ਨੂੰ ਧਿਆਨ ਵਿਚ ਰੱਖਦਿਆਂ ਹੀ Arnold J. Toynbee ਅਤੇ Paul Tillich ਵਰਗੇ ਵਿਦਵਾਨਾਂ ਨੇ ਧਰਮ ਨੂੰ ਅੰਤਿਮ ਅਰਥਾਂ ਦੀ ਤਲਾਸ਼ ਜਾਂ ਜੀਵਨ ਦਾ ਪਰਮ ਸਰੋਕਾਰ ਆਖਿਆ ਹੈ।

**ਪਾਵਨ** ਦਾ ਸੰਬੰਧ ਜਦੋਂ ਕਿਸੇ ਲਿਖਤ ਜਾਂ ਗ੍ਰੰਥ ਨਾਲ ਜੁੜਦਾ ਹੈ ਤਾਂ **ਪਾਵਨ-ਗ੍ਰੰਥ** ਦਾ ਸੰਕਲਪ ਸਾਮ੍ਹਣੇ ਆਉਂਦਾ ਹੈ। ਭਾਵੇਂ ਪਾਵਨਤਾ ਕਿਸੇ ਧਰਮ-ਗ੍ਰੰਥ ਦਾ ਸੁਭਾਵਿਕ ਜਾਂ ਕੁਦਰਤੀ ਲੱਛਣ ਨਹੀਂ ਸਗੋਂ ਕਿਸੇ ਧਾਰਮਿਕ ਸਮੂਹ ਦੇ ਵਿਸ਼ਵਾਸ਼ਾਂ, ਪਰੰਪਰਾਵਾਂ ਅਤੇ ਰਵਾਇਤਾਂ ਉੱਪਰ ਨਿਰਭਰ ਕਰਦੀ ਹੈ। ਹਰ ਧਰਮ-ਸੰਪ੍ਰਦਾਇ ਆਪਣੇ ਪਾਵਨ-ਗ੍ਰੰਥਾਂ ਨੂੰ ਕਿਸੇ ਪਰਾ-ਮਨੁੱਖੀ ਹਸਤੀ ਜਾਂ ਹੋਂਦ ਦੀ ਸਿਰਜਣਾ ਮੰਨ ਕੇ ਉਸ ਨਾਲ ਆਸਥਾ ਅਤੇ ਵਿਸ਼ਵਾਸ਼ ਦਾ ਰਿਸ਼ਤਾ ਜੋੜਦਾ ਹੈ। ਇਹੀ ਕਾਰਣ ਹੈ ਕਿ ਪਾਵਨ-ਗ੍ਰੰਥ ਦੇ ਆਲੇ ਦੁਆਲੇ ਮਿੱਥ ਅਤੇ ਪਰਾਭੌਤਿਕਤਾ ਦਾ ਅਜਿਹਾ ਪਾਰਗਾਮੀ ਮਾਹੌਲ ਉੱਸਰਿਆ ਹੁੰਦਾ ਹੈ ਜੋ ਸੱਚ ਨੂੰ ਪਰਮਸੱਚ ਅਤੇ ਯਥਾਰਥ ਨੂੰ ਪਰਮਾਰਥ ਦੇ ਰੂਪ ਵਿਚ ਸੰਕਲਪਦਾ ਹੈ। ਇਸ ਸੰਦਰਭ ਵਿਚ Robert Stockman ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

"From a sociological point of view, a text becomes scripture when a group of people begin to treat it as such, by venerating it and viewing its authority as superhuman"[8]

ਇਸ ਤਰ੍ਹਾਂ ਪਾਵਨ ਗ੍ਰੰਥ ਵਿਚ ਮਨੁੱਖ ਦੇ ਸਾਮਾਜਿਕ ਅਤੇ ਸੱਭਿਆਚਾਰਕ ਜੀਵਨ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਨ ਦੀ ਅਥਾਹ ਸੰਭਾਵਨਾ ਛੁਪੀ ਹੁੰਦੀ ਹੈ। ਹਰ ਧਾਰਮਿਕ ਭਾਈਚਾਰਾ ਰੂਹਾਨੀ ਅਤੇ ਨੈਤਿਕ ਅਗਵਾਈ ਲਈ ਬਾਰ ਬਾਰ ਆਪਣੇ ਪਾਵਨ ਗ੍ਰੰਥਾਂ ਵਲ ਪਰਤਦਾ ਹੈ ਅਤੇ ਨਿਰੰਤਰ ਤਬਦੀਲ ਹੋ ਰਹੀਆਂ ਇਤਿਹਾਸਕ ਸਥਿਤੀਆਂ ਅਨੁਸਾਰ ਉਨ੍ਹਾਂ ਦੀ ਪੁਨਰ-ਵਿਆਖਿਆ ਕਰਨ ਵਲ ਵੀ ਰੁਚਿਤ ਹੁੰਦਾ ਹੈ। ਵਿਰਸੇ ਨੂੰ ਵਰਤਮਾਨ ਵਿਚ ਸਾਰਥਕ ਅਤੇ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਦੀ ਇਹ ਸੁਭਾਵਿਕ ਲੋਚਾ ਹੀ ਕਿਸੇ ਧਾਰਮਿਕ ਪਰੰਪਰਾ ਦੇ ਪ੍ਰਗਤੀਸ਼ੀਲ ਅਤੇ ਜੀਵੰਤ ਹੋਣ ਦੀ ਨਿਸ਼ਾਨੀ ਹੈ। ਇਤਿਹਾਸ ਦੇ ਕਿਸੇ ਦੌਰ ਵਿਚ ਜਦੋਂ ਕੋਈ ਧਾਰਮਿਕ ਭਾਈਚਾਰਾ ਯਥਾਰਥ ਦੇ ਬਦਲੇ ਹੋਏ ਪਰਿਪੇਖ ਵਿਚ ਅਜਿਹਾ ਕਰਨ ਤੋਂ ਖੁੰਝ ਜਾਂਦਾ ਹੈ ਤਾਂ

---

[8] Stockman Robert, **Scripture, (** See 'Scripture' on web. )

ਕਈ ਵਾਰੀ ਇਤਿਹਾਸਕ ਗਤੀ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਮੂਲਵਾਦੀ ਪ੍ਰਵਿਰਤੀਆਂ ਉੱਭਰ ਆਉਂਦੀਆ ਹਨ ਅਤੇ ਗੰਭੀਰ ਕਿਸਮ ਦੇ ਸੱਭਿਆਚਾਰਕ ਸੰਕਟ ਨੂੰ ਜਨਮ ਦਿੰਦੀਆਂ ਹਨ।

ਧਰਮ ਦੇ ਵਿਸ਼ਵ-ਵਿਆਪੀ ਵਰਤਾਰੇ ਦਾ ਸਮਕਾਲੀ ਦ੍ਰਿਸ਼ ਇਸੇ ਕਿਸਮ ਦੀ ਗੰਭੀਰ ਸੰਕਟ ਸਥਿਤੀ ਵਲ ਸੰਕੇਤ ਕਰ ਰਿਹਾ ਹੈ। ਅੰਤਰ-ਰਾਸ਼ਟਰੀ ਜਾਂ ਸਥਾਨਕ ਸਿਆਸਤ ਦੇ ਗੁੰਝਲਦਾਰ ਤਾਣੇ-ਪੇਟੇ ਵਿਚ ਘਿਰਿਆ ਧਰਮ ਵਿਹਾਰਕ ਤੌਰ ਤੇ ਆਪਣੇ ਹਕੀਕੀ ਰੂਹਾਨੀ ਅਰਥਾਂ ਤੋਂ ਨਿਰੰਤਰ ਦੂਰ ਹੁੰਦਾ ਜਾ ਰਿਹਾ ਹੈ। ਇਸੇ ਲਈ ਭਿੰਨ-ਭਿੰਨ ਧਰਮ-ਸੱਭਿਆਚਾਰਾਂ ਵਿਚਕਾਰ ਬੇਭਰੋਸਗੀ ਅਤੇ ਟਕਰਾਉ ਦੀ ਸਥਿਤੀ ਬਣੀ ਹੋਈ ਹੈ। ਧਰਮ ਦੀ ਵਾਪਸੀ ਦਾ ਨਕਾਰਾਤਮਕ ਪਹਿਲੂ ਹੈ ਜਿਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਇਹ ਕਿਸੇ ਅਚੇਤ ਭੈ ਦੇ ਸਨਮੁਖ ਆਤਮ-ਰੱਖਿਆ ਦੀ ਮੁਦਰਾ ਧਾਰਣ ਕਰਨ ਵਾਂਗ ਹੈ। ਪਰ ਅਗਿਆਤ ਦੀ ਚਿੰਤਾ ਅਤੇ **ਦੂਸਰੇ** ਦੇ ਭੈ ਕਾਰਣ ਉਪਜੀ ਇਸ ਧਰਮਭਾਵਨਾ ਨੂੰ ਮਸਨੂਈ ਧਾਰਮਿਕਤਾ ਦਾ ਹੀ ਪ੍ਰਮਾਣ ਮੰਨਿਆ ਜਾਵੇਗਾ, ਪ੍ਰਾਮਾਣਿਕ ਧਾਰਮਿਕਤਾ ਦਾ ਨਹੀਂ। ਹਕੀਕੀ ਧਰਮ-ਚੇਤਨਾ ਡਰ ਜਾਂ ਅੰਧ-ਵਿਸ਼ਵਾਸ਼ ਉੱਤੇ ਨਹੀਂ ਸਗੋਂ ਸੁਜਾਖੇ ਗਿਆਨ ਉੱਤੇ ਆਧਾਰਿਤ ਹੁੰਦੀ ਹੈ। ਸੰਕਟ ਦੀ ਅਜਿਹੀ ਸਥਿਤੀ ਵਿਚ ਜੇ ਲੋਕ-ਚੇਤਨਾ ਅੰਦਰ ਧਰਮ ਦੀ ਵਾਪਸੀ ਹੋਈ ਹੈ ਤਾਂ ਉਸਦਾ ਇਕ ਹੋਰ ਕਾਰਣ ਖਪਤ-ਸੱਭਿਆਚਾਰ ਦੇ ਸਿੱਟੇ ਵਜੋਂ ਪੈਦਾ ਹੋ ਰਿਹਾ ਕਦਰਾਂ-ਕੀਮਤਾਂ ਅਤੇ ਅਰਥਾਂ ਦਾ ਸੰਕਟ ਵੀ ਹੈ। ਪਰ ਇਸਨੂੰ ਸਮਕਾਲੀ ਚਿੰਤਕ **Gianni Vattimo** ਦੇ ਸ਼ਬਦਾਂ ਵਿਚ ਨਿਰੋਲ ਯਥਾਰਥ ਤੋਂ ਭਾਂਜ ਦਾ ਪ੍ਰਤਿਫਲ ਨਹੀਂ ਮੰਨਿਆਂ ਜਾ ਸਕਦਾ।[9]

ਉੱਤਰ-ਆਧੁਨਿਕ ਚਿੰਤਨ ਤੋਂ ਪ੍ਰੇਰਿਤ ਸਮਕਾਲੀ ਧਰਮ-ਚਿੰਤਨ ਵਿਚ ਅੰਤਰ-ਧਰਮ-ਸੰਵਾਦ ਦੀ ਪ੍ਰਵਿਰਤੀ ਉਘੜਵੇਂ ਰੂਪ ਵਿਚ ਸਾਮ੍ਹਣੇ ਆਈ ਹੈ ਜੋ ਬਹੁਤ ਮੁਬਾਰਕ ਕਦਮ ਹੈ। ਪੱਛਮੀ ਪ੍ਰਵਚਨ ਅੱਜ ਆਪਣੇ ਬਸਤੀਵਾਦੀ ਦੌਰ ਦੀ ਸਵੈ-ਸਿਰਜਤ **ਉੱਤਮਤਾ ਦੀ ਮਿਥ** ਵਿਚੋਂ ਨਿਕਲਣ ਦੇ ਆਹਰ ਵਿਚ ਹੈ। ਇਸਦੀ ਸਰਬੋਤਮ ਮਿਸਾਲ **Jacques Derrida** ਅਤੇ **Gianni Vattimo** ਦੁਆਰਾ ਸੰਪਾਦਿਤ ਪੁਸਤਕ **Religion** [10] ਵਿਚ ਦੇਖਣ ਨੂੰ ਮਿਲਦੀ ਹੈ। ਦਿਲਚਸਪ ਗੱਲ ਇਹ ਹੈ ਕਿ ਅਜੋਕੇ ਉੱਤਰ-ਬਸਤੀਵਾਦੀ ਦੌਰ ਵਿਚ ਪੱਛਮੀ ਪ੍ਰਵਚਨ ਉਸੇ ਪੂਰਬੀ ਪ੍ਰਵਚਨ ਨਾਲ ਸੰਵਾਦ ਰਚਾਉਣ ਲਈ ਉਤਸੁਕ ਹੋ ਰਿਹਾ ਹੈ ਜਿਸਨੂੰ ਲੰਮੇ ਸਮੇਂ ਤਕ ਉਸਨੇ ਆਪਣੀ ਪੱਖਪਾਤੀ ਵਿਆਖਿਆ ਅਤੇ ਸੱਭਿਆਚਾਰਕ ਦਮਨ ਦਾ ਸ਼ਿਕਾਰ ਬਣਾਈ ਰੱਖਿਆ ਸੀ। ਅੱਜ ਜਦੋਂ ਕਿ ਵਿਸ਼ਵਵਿਆਪੀ ਸੰਕਟ-ਚੇਤਨਾ ਨੇ ਸੰਵਾਦ ਦੀ ਇਸ ਪ੍ਰਕਿਰਿਆ ਲਈ ਰਾਹ ਪੱਧਰਾ ਕਰ ਦਿੱਤਾ ਹੈ ਤਾਂ

---

[9] *"the critical task of thinking in relation to common consciousness consists, here and now, in showing that even for this consciousness the rediscovery of religion is positively qualified by the fact of presenting itself in the world of late-modern techno-science, and that the relation with this world cannot be conceived only in terms of flight and polemic alternative."*

Jacques Derrida and Gianni Vattimo ( eds. ) **Religion,** Polity Press , 1998. P- 45.

[10] Jacques Derrida and Gianni Vattimo ( eds. ) **Religion,** Polity Press , 1998**.**

ਪੂਰਬੀ ਪ੍ਰਵਚਨ ਨੂੰ ਵੀ ਆਪਣੀ ਸੰਕੀਰਣ ਸੋਚ ਤਿਆਗ ਕੇ ਇਸ ਅੰਤਰ-ਧਰਮ-ਸੰਵਾਦ ਵਿਚ ਸ਼ਾਮਿਲ ਹੋਣ ਦੀ ਜ਼ਰੂਰਤ ਹੈ। ਜ਼ਾਹਰ ਹੈ ਕਿ ਇਸ ਮੰਤਵ ਲਈ ਵਿਸ਼ਵ ਦੇ ਸਮੂਹ ਧਰਮਾਂ ਦੀ ਭਿੰਨਤਾ ਅਤੇ ਉਨ੍ਹਾਂ ਦੇ ਪਾਵਨ ਗ੍ਰੰਥਾਂ ਦੀ ਵਿਲੱਖਣਤਾ ਦਾ ਆਦਰ ਕਰਨ ਵਾਲੀ ਸੋਚ ਲੋੜੀਂਦੀ ਹੈ।

ਭਾਵੇਂ ਵਿਸ਼ਵ ਦੇ ਸਮੂਹ ਪਾਵਨ ਗ੍ਰੰਥਾਂ ਨੇ ਮਨੁੱਖੀ ਹੋਂਦ ਅਤੇ ਯਥਾਰਥ ਦੀ ਵਾਸਤਵਿਕਤਾ ਨੂੰ ਆਪੋ ਆਪਣੀ ਇਤਿਹਾਸਕ ਸਥਿਤੀ ਅਤੇ ਸੱਭਿਆਚਾਰਕ ਪਰਿਪੇਖ ਤੋਂ ਪਰਿਭਾਸ਼ਿਤ ਕਰਨ ਦੇ ਉਪਰਾਲੇ ਕੀਤੇ ਹਨ ਪਰ ਉਨ੍ਹਾਂ ਦੇ ਸਿਰਜਿਤ ਪ੍ਰਵਚਨ ਵਿਚ ਸਰਬ-ਸਾਂਝੇ ਮੂਲ ਮਾਨਵੀ ਸਰੋਕਾਰਾਂ ਦਾ ਸਰਬਕਾਲੀ ਸੰਦਰਭ ਵੀ ਆਪਮੁਹਾਰੇ ਹੀ ਪੇਸ਼ ਹੋ ਜਾਂਦਾ ਹੈ। ਇਸੇ ਤੱਥ ਵਿਚ ਹੀ ਧਾਰਮਿਕ ਅੰਤਰ-ਸੰਵਾਦ ਦੀ ਸੰਭਾਵਨਾ ਛੁਪੀ ਹੋਈ ਹੈ। ਪਾਵਨ ਗ੍ਰੰਥਾਂ ਦੇ ਸਿਰਜਿਤ ਪ੍ਰਵਚਨਾਂ ਨੂੰ ਬਰਾਬਰੀ ਦੀ ਸਪੇਸ ਪ੍ਰਦਾਨ ਕਰਦਿਆਂ ਅਤੇ ਸੰਵਾਦ ਦੀ ਪ੍ਰਕਿਰਿਆ ਵਿਚ ਪਾਇਆਂ ਯਥਾਰਥ ਦਾ ਅਜਿਹਾ ਬਹੁ-ਪਰਿਪੇਖੀ ਦ੍ਰਿਸ਼ ਉਸਾਰਿਆ ਜਾ ਸਕਦਾ ਹੈ ਜੋ ਸਮੁੱਚੀ ਮਾਨਵ ਜਾਤੀ ਨੂੰ ਸਾਂਝ ਅਤੇ ਸੁਮੇਲ ਦੇ ਕਲਿਆਣਕਾਰੀ ਮਾਰਗ ਉੱਤੇ ਤੋਰ ਸਕਦਾ ਹੈ।

ਅਸਲ ਵਿਚ ਜਿਸ ਕਿਸਮ ਦੇ ਅੰਤਰ-ਧਰਮ-ਸੰਵਾਦ ਦੀ ਚਰਚਾ ਅੱਜ, ਸੰਕਟ ਵਿਚ ਘਿਰੇ ਹੋਏ ਪੱਛਮੀ ਪ੍ਰਵਚਨ ਨੇ ਆਪਣੇ ਯਹੂਦੀ-ਈਸਾਈ ਵਿਰਸੇ ਦੀ ਚੇਤਨਾ ਦੇ ਅੰਤਰਗਤ ਛੇੜੀ ਹੈ ਉਸਦਾ ਆਧਾਰ ਭਾਰਤੀ ਮੂਲ ਵਾਲੇ ਸਮੂਹ ਪਾਵਨ ਗ੍ਰੰਥਾਂ ਵਿਚ ਪਹਿਲਾਂ ਹੀ ਮੌਜੂਦ ਹੈ। ਕਾਰਣ ਇਹ ਹੈ ਕਿ ਇਨ੍ਹਾਂ ਧਰਮਾਂ ਦੀ ਰਚਨਾ-ਸੰਰਚਨਾ ਸਾਮੀ ਪਿਛੋਕੜ ਵਾਲੇ ਪੈਗ਼ੰਬਰੀ ਧਰਮਾਂ ( ਯਹੂਦੀ, ਈਸਾਈ ਅਤੇ ਇਸਲਾਮ ਧਰਮ ) ਨਾਲੋਂ ਮੌਲਿਕ ਤੌਰ ਤੇ ਭਿੰਨ ਤੇ ਵਿਲੱਖਣ ਹੈ। **ਪੈਗ਼ੰਬਰੀ ਬੋਲਾਂ** ਦੇ ਆਲੇ ਦੁਆਲੇ **ਰੱਬੀ ਹੁਕਮ** ਅਤੇ **ਦੈਵੀ ਨੇਮਾਂ** ਦਾ ਵਾਰਾ ਪਹਿਰਾ ਹੁੰਦਾ ਹੈ ਜਿਨ੍ਹਾਂ ਦੀ ਉਲੰਘਣਾ ਗੁਨਾਹ ਤਸੱਵਰ ਕੀਤੀ ਜਾਂਦੀ ਹੈ। ਇਹੀ ਕਾਰਣ ਹੈ ਕਿ ਸਾਮੀ ਮੂਲ ਵਾਲੇ ਪੈਗ਼ੰਬਰੀ ਧਰਮਾਂ ( ਖ਼ਾਸ ਤੌਰ ਤੇ ਇਸਲਾਮ ) ਵਿਚ ਮੂਲਵਾਦੀ ਪ੍ਰਵਿਰਤੀ ਦਾ ਰੁਝਾਨ ਵਧੇਰੇ ਦਿਖਾਈ ਦਿੰਦਾ ਹੈ। ਇਸਦੇ ਉਲਟ ਭਾਰਤੀ ਮੂਲ ਵਾਲੇ ਧਰਮਾਂ ਵਿਚ ਪਾਵਨਤਾ ਦਾ ਸੰਬੰਧ ਪਰਮ ਸੱਚ ਅਤੇ ਪਰਮਾਰਥ ਨਾਲ ਜੋੜਿਆ ਜਾਂਦਾ ਹੈ ਜਿਸਦੀ ਪ੍ਰਾਪਤੀ ਕਰਮ, ਗਿਆਨ, ਯੋਗ ਜਾਂ ਭਗਤੀ ਦੇ ਮਾਧਿਅਮ ਰਾਹੀਂ ਹੀ ਹੋ ਸਕਦੀ ਹੈ। ਇਸਦਾ ਸੰਬੰਧ ਨੇਮ ਜਾਂ ਹੁਕਮ ਦੀ ਪਾਲਣਾ ਨਾਲ ਨਹੀਂ ਸਗੋਂ ਅਨੁਭਵ ਅਤੇ ਬੋਧ ਨਾਲ ਹੈ। ਇਨ੍ਹਾਂ ਪਾਵਨ ਗ੍ਰੰਥਾਂ ਵਿਚ ਧਰਮ ਪ੍ਰਵਰਤਕਾਂ ਨੂੰ ਵਧੇਰੇ ਰਿਸ਼ੀ, ਮੁਨੀ, ਜੋਗੀ, ਜਤੀ, ਸ਼੍ਰਮਣ, ਬੋਧੀਸੱਤਵ ਅਤੇ ਗੁਰੂ ਵਜੋਂ ਮਾਨਤਾ ਪ੍ਰਾਪਤ ਹੁੰਦੀ ਹੈ। ਇਹ ਧਰਮ-ਪ੍ਰਵਰਤਕ ਪੈਗ਼ੰਬਰ ਵਾਂਗ ਰੱਬੀ ਹੁਕਮ ਜਾਂ ਨੇਮ ਨੂੰ ਪ੍ਰਸਾਰਿਤ ਵਾਲੇ ਸੰਦੇਸ਼-ਵਾਹਕ ਦੀ ਭੂਮਿਕਾ ਨਹੀਂ ਨਿਭਾਉਂਦੇ ਸਗੋਂ ਅਨੁਭਵ, ਆਵੇਸ਼ ਜਾਂ ਦਿੱਵ-ਦ੍ਰਿਸ਼ਟੀ ਰਾਹੀਂ ਪ੍ਰਾਪਤ ਕੀਤੇ ਗਿਆਨ ਰਾਹੀਂ ਮੋਖ, ਮੁਕਤ ਜਾਂ ਨਿਰਵਾਣ ਦੀ ਚੇਤਨਾ ਪ੍ਰਦਾਨ ਕਰਦੇ ਹਨ। ਇਸ ਪਰੰਪਰਾ ਦਾ ਇਕੋ ਇਕ ਅਪਵਾਦ **ਅਵਤਾਰ** ਦਾ ਸੰਕਲਪ ਹੈ ਜੋ ਦੈਵੀ ਸੱਤਾ ਦੇ ਇਤਿਹਾਸ ਵਿਚ ਪ੍ਰਵੇਸ਼ ਕਰਨ ਦੀ ਮਿਥ ਸਿਰਜਦਾ ਹੈ। ਪਰ ਅਵਤਾਰ ਦੀ ਕਾਰਜ-ਵਿਧੀ ਗਿਆਨ ਅਤੇ ਸ਼ਕਤੀ ਦੇ ਮਾਧਿਅਮ ਰਾਹੀਂ ਦੁਸ਼ਟਾਂ ਦਾ ਦਮਨ ਕਰਨ ਅਤੇ ਧਰਮ ਨੂੰ ਪੁਨਰ-ਸਥਾਪਿਤ ਕਰਨ ਵਾਲੀ ਹੈ, ਕਿਸੇ ਕਿਸਮ ਦਾ ਨਿਰੰਕੁਸ਼ ਨੇਮ ਜਾਂ ਹੁਕਮ ਪ੍ਰਦਾਨ ਕਰਨ ਵਾਲੀ ਨਹੀਂ। ਇਸ ਤੱਥ ਦਾ ਸਰਬੋਤਮ ਪ੍ਰਗਟਾਵਾ ਭਗਵਤ ਗੀਤਾ ਦੇ ਨਿਮਨ- ਅੰਕਿਤ ਕਥਨ ਵਿਚ ਹੋਇਆ ਹੈ :

यदायदाहि धर्मस्य ग्लानिर्भवति भारत ।

अभियुथानमधर्मस्य तदात्मानाम सृजामयम ।

परित्राणाय साधुनाम विनाशाय च दुष्कृताम ।

धर्मसंस्थापनाऽर्थाय सम्भवामि युगेयुगे ।

ਮਹੱਤਵਪੂਰਣ ਗੱਲ ਇਹ ਹੈ ਕਿ ਅਵਤਾਰਵਾਦੀ ਪਰੰਪਰਾ ਸਮੇਤ ਸਮੂਹ ਭਾਰਤੀ ਧਰਮਾਂ ਵਿਚ **ਸਰਬ-ਧਰਮ-ਸਮਭਾਵ** ਦੀ ਭਾਵਨਾ ਦਾ ਪ੍ਰਗਟਾਵਾ ਵਿਆਪਕ ਰੂਪ ਵਿਚ ਹੋਇਆ ਹੈ ਜਿਸ ਵਿਚ ਆਰੀਆ, ਬੌਧ, ਜੈਨ ਅਤੇ ਸਿੱਖ ਵਿਰਸੇ ਦੇ ਪਾਵਨ ਗ੍ਰੰਥ ਸ਼ਾਮਿਲ ਹਨ। ਉਪਰੋਕਤ ਭਾਵਨਾ ਨੂੰ ਵਿਅਕਤ ਕਰਨ ਵਾਲੇ ਕੁਝ ਹਵਾਲੇ ਨਿਮਨ-ਅੰਕਿਤ ਹਨ :

They have called him Indra, Mitra, Varuna, Agni, and the divine fine-winged Garuda; They speak of Indra, Yama, Matrarisvan: the One Being sages call by many names. ( एकम् सद्विप्रावहुधावदन्ति )

Rig Veda 1.164.46

As men approach Me, so I receive them. All paths, Arjuna, lead to Me.

Bhagavad Gita 4.11

Sometimes I [the Buddha] spoke of myself, sometimes of others; sometimes I presented myself, sometimes others; sometimes I showed my own actions,sometimes those of others. All my doctrines are true and none are false.

Lotus Sutra 16

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਿਤ ਪ੍ਰਵਚਨ ਵਿਚ ਪਾਵਨ ਗ੍ਰੰਥ ਅਤੇ ਧਰਮ-ਪ੍ਰਵਰਤਕ ਦਾ ਸੰਕਲਪ **ਗੁਰੂ** ਅਤੇ **ਗੁਰਬਾਣੀ** ਦੇ ਸੰਕਲਪਾਂ ਨਾਲ ਸੰਬੰਧਿਤ ਹੈ। ਇਥੇ **ਸਬਦ** ਨੂੰ ਗੁਰੂ ਆਖਿਆ ਗਿਆ ਹੈ ਜੋ ਸੰਤ, ਭਗਤ ਜਾਂ ਗੁਰੂ ਦੇ ਮਾਧਿਅਮ ਰਾਹੀਂ ਧੁਰ ਕੀ ਬਾਣੀ ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਹੈ ਇਸ ਮੰਤਵ ਲਈ ਗੁਰਬਾਣੀ ਵਿਚੋਂ ਕੁਝ ਹਵਾਲੇ ਪੇਸ਼ ਹਨ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ**

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥[11]

ਸੰਤਹੁ ਸੁਖੁ ਹੋਆ ਸਭ ਥਾਈ ॥

ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ਰਹਾਉ॥

[11] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 982

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ** ॥
ਦਇਆਲ ਪੁਰਖ ਮਿਹਰਵਾਨਾ ॥
ਹਰਿ ਨਾਨਕ ਸਾਚੁ ਵਖਾਨਾ ॥2॥13॥77॥ [12]
ਜੈਸੀ ਮੈ ਆਵੈ **ਖਸਮ ਕੀ ਬਾਣੀ** ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ [13]
**ਸਚ ਕੀ ਬਾਣੀ** ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ ॥2॥3॥5॥ [14]

ਵਾਸਤਵ ਵਿਚ ਗੁਰਬਾਣੀ ਦਾ ਪ੍ਰਵਚਨ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਮਨੁੱਖ ਨੂੰ ਪਰਮਾਰਥ ਦੀ ਸੋਝੀ ਕਰਾਉਣ ਵਾਲਾ ਅਜਿਹਾ ਰੂਹਾਨੀ ਗਿਆਨ ਪ੍ਰਦਾਨ ਕਰਦਾ ਹੈ ਜਿਸਨੂੰ ਬਾਣੀਕਾਰਾਂ ਨੇ **ਧੁਰ ਕੀ ਬਾਣੀ** ਦੀ ਮਿਥ ਰਾਹੀਂ ਸੰਕਲਪਿਆ ਹੈ। ਭਗਤ ਕਬੀਰ ਜੀ ਦੇ ਸ਼ਬਦਾਂ ਵਿਚ ਇਹ ਸਿਰਫ਼ **ਗੀਤ** ਨਹੀਂ ਸਗੋਂ **ਬ੍ਰਹਮ ਵਿਚਾਰ** ਹੈ।[15] ਮਸਲਾ ਇਹ ਹੈ ਕਿ ਇਸ ਪਾਵਨ ਗ੍ਰੰਥ ਵਿਚ ਧਰਮ ਦੇ ਰੂਹਾਨੀ ਅਰਥਾਂ ਨੂੰ ਸਥਾਪਿਤ ਕਰਨ ਲਈ ਕਿਸ ਕਿਸਮ ਦੀ ਜੁਗਤ ਵਰਤੀ ਗਈ ਹੈ ਅਤੇ ਸਰਬ-ਧਰਮ-ਸਮਭਾਵ ਦੀ ਕਲਾਸੀਕਲ ਭਾਵਨਾ ਦੇ ਮਾਧਿਅਮ ਰਾਹੀਂ ਸਮਕਾਲੀਨ ਸਾਰਥਕਤਾ ਰੱਖਣ ਵਾਲੇ ਅੰਤਰ-ਧਰਮ-ਸੰਵਾਦ ਦਾ ਕਿਸ ਕਿਸਮ ਦਾ ਮਾਡਲ ਪੇਸ਼ ਕੀਤਾ ਗਿਆ ਹੈ। ਗੁਰਬਾਣੀ ਦੇ ਪਾਠ-ਪ੍ਰਬੰਧ ਦਾ ਨਿਕਟ ਅਧਿਐਨ ਕਰਨ ਵਾਲੇ ਨੂੰ ਇਸ ਗੱਲ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਇਸਦੇ ਸਮੂਹ ਬਾਣੀਕਾਰ ਆਪੋ ਆਪਣੇ ਧਰਮ-ਸੰਪ੍ਰਦਾਇ ਦੀ ਜੀਵਨ-ਵਿਧੀ ਨਾਲ ਜੁੜੇ ਹੋਏ ਵੀ ਦੂਸਰੇ ਦੀ ਜੀਵਨ-ਵਿਧੀ ਅਤੇ ਸੋਚ ਦਾ ਆਦਰ ਕਰਦੇ ਹਨ ਅਤੇ ਬਰਾਬਰੀ ਦੇ ਧਰਾਤਲ ਉੱਤੇ ਖਲੋ ਕੇ ਸੰਵਾਦ ਰਚਾਉਣ ਵਲ ਰੁਚਿਤ ਹੁੰਦੇ ਹਨ। ਸੰਵਾਦ ਦੀ ਇਸ ਸੰਭਾਵਨਾ ਦਾ ਮੂਲ ਆਧਾਰ ਬਾਣੀਕਾਰਾਂ ਦੀ ਧਰਮ-ਚੇਤਨਾ ਅਤੇ ਵਿਸ਼ਵ-ਦ੍ਰਿਸ਼ਟੀ ਵਿਚ ਲੁਕਿਆ ਹੋਇਆ ਹੈ।

ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਪਾਰਗਾਮੀ ਹਸਤੀ (ਬ੍ਰਹਮ) ਸੇ ਸਾਮ੍ਹਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦਾ ਹੈ ਅਤੇ **ਜਾਤਿ** ਦੀ ਥਾਵੇਂ **ਜੋਤਿ** ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਗੁਰਬਾਣੀ ਵਿਚ ਇਸ ਕਿਸਮ ਦੇ ਅਧਿਆਤਮਕ ਵਿਵੇਕ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਇਸ ਸੰਦਰਭ ਵਿਚ ਉਦਾਹਰਣ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਜਾਣਹੁ ਜੋਤਿ ਨ ਪੂਛਹੁ ਜਾਤੀ

---

[12] ਓਹੀ, ਪੰਨਾ - 628
[13] ਓਹੀ, ਪੰਨਾ - 722
[14] ਓਹੀ, ਪੰਨਾ - 723
[15] "ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥"
ਓਹੀ, ਪੰਨਾ - 335

ਆਗੈ ਜਾਤਿ ਨ ਹੇ ॥1॥[16]

ਜਾਤਿ ਬਰਨ ਕੁਲ ਸਹਸਾ ਚੂਕਾ

ਗੁਰਮਤਿ ਸਬਦਿ ਬੀਚਾਰੀ ॥1॥[17]

ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਜਾਤੀ-ਪ੍ਰਥਾ ਦੇ ਮਸਨੂਈ ਪਰ ਦਮਨਕਾਰੀ ਤੰਤਰ ਨੂੰ ਵਿਸਥਾਪਿਤ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਗਿਆ ਹੈ। ਕਿਧਰੇ ਰੂਹਾਨੀ ਵਿਵੇਕ ਰਾਹੀਂ, ਕਿਧਰੇ ਵਿਅੰਗ ਰਾਹੀਂ ਅਤੇ ਕਿਧਰੇ ਕਟਾਖਸ਼ ਰਾਹੀਂ। ਦਲਿਤ-ਚੇਤਨਾ ਅਤੇ ਮਾਨਵ-ਮੁਕਤੀ ਦੇ ਇਸ ਸੰਕਲਪ ਨੂੰ ਜਦੋਂ ਅਸੀਂ ਅੱਜ ਦੇ ਵਿਸ਼ਵ-ਵਿਆਪੀ ਮਾਹੌਲ ਜਾਂ ਗਲੋਬਲ ਪਰਿਪੇਖ ਵਿਚ ਰੱਖ ਕੇ ਦੇਖਦੇ ਹਾਂ ਤਾਂ ਇਸ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਦਾ ਅਹਿਸਾਸ ਵੀ ਸਹਿਜੇ ਹੀ ਹੋ ਜਾਂਦਾ ਹੈ। ਸਮਕਾਲੀ ਪੱਛਮੀ ਸਮਾਜ-ਸੱਭਿਆਚਾਰ ਵਿਚ ਜਾਤੀ-ਪ੍ਰਥਾ ਵਰਗੇ ਹੀ ਕਈ ਦਮਨਕਾਰੀ ਤੰਤਰ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਚਲਿਤ ਹਨ ਜਿਨ੍ਹਾਂ ਦੇ ਸ਼ਿਕਾਰ ਮਨੁੱਖ-ਵਿਅਕਤੀ ਜਾਂ ਵਰਗ ਦਲਿਤ ਜਾਂ ਦਮਿਤ ਸਥਿਤੀ ਦਾ ਸੰਤਾਪ ਹੰਢਾਉਂਦੇ ਹਨ। ਮਿਸਾਲ ਵਜੋਂ ਨਸਲੀ ਵਿਤਕਰੇ ਅਤੇ ਰੰਗ-ਭੇਦ ਦੀ ਲੁਕਵੀਂ ਜਾਂ ਪ੍ਰਗਟ ਨੀਤੀ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਜਾਤੀ-ਉੱਤਮਤਾ ਦੀ ਮਿੱਥ ਵਾਂਗ ਨਸਲੀ-ਉੱਤਮਤਾ ਦੀ ਮਿਥ ਵੀ ਸ਼ੋਸ਼ਣ ਅਤੇ ਦਮਨ ਦਾ ਉਪਕਰਣ ਬਣ ਕੇ ਸਾਮ੍ਹਣੇ ਆਉਂਦੀ ਹੈ ਅਤੇ ਮਨੁੱਖ ਮਨੁੱਖ ਵਿਚਕਾਰ ਮਸਨੂਈ ਵੰਡੀਆਂ ਪਾ ਕੇ ਵਿਭਿੰਨ ਭਾਈਚਾਰਿਆਂ ਨੂੰ ਨਾ-ਬਰਾਬਰੀ ਅਤੇ ਵਿਤਕਰੇ ਦਾ ਸ਼ਿਕਾਰ ਬਣਾਉਂਦੀ ਹੈ।

ਗੁਰਬਾਣੀ ਦਾ ਪ੍ਰਵਚਨ ਸ਼ੋਸ਼ਣ ਅਤੇ ਦਮਨ ਦੇ ਮੁਕਾਬਲੇ ਲਈ ਰੂਹਾਨੀ ਜਾਗ੍ਰਿਤੀ ਅਤੇ ਚੇਤਨਾ ਦਾ ਮਾਰਗ ਸੁਝਉਂਦਾ ਹੈ ਅਤੇ ਸਮੂਹ ਮਾਨਵ-ਜਾਤੀ ਦੇ ਅੰਦਰ ਨਿਵਾਸ ਕਰ ਰਹੀ ਇਕ ਜੋਤਿ ਦੇ ਪ੍ਰਕਾਸ ਉੱਪਰ ਬਲ ਦਿੰਦਾ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਪੇਸ਼ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ [18]

ਲੋਗਾ ਭਰਮਿ ਨ ਭੂਲਹੁ ਭਾਈ ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ

ਪੂਰਿ ਰਹਿਓ ਸ੍ਰਬ ਠਾਂਈ ॥1॥ ਰਹਾਉ ॥

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥2॥

---

[16] ਓਹੀ, ਪੰਨਾ- 349

[17] ਓਹੀ, ਪੰਨਾ -1198

[18] ਓਹੀ, ਪੰਨਾ -663

ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥[19]

ਜਿਹਾ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ ਗੁਰਬਾਣੀ ਦੇ ਪ੍ਰਵਚਨ ਵਿਚ ਉੱਤਰ-ਆਧੁਨਿਕ ਸੋਚ ਦੇ ਬੁਨਿਆਦੀ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਇਥੇ ਵੱਖ ਵੱਖ ਧਰਮਾਂ ਅਤੇ ਫਿਰਕਿਆਂ ਦੀਆਂ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਦਿਆਂ ਉਨ੍ਹਾਂ ਨਾਲ ਬਰਾਬਰੀ ਦੇ ਧਰਾਤਲ ਉੱਤੇ ਸੰਵਾਦ ਰਚਾਉਣ ਦੀ ਚੇਸ਼ਟਾ ਕੀਤੀ ਗਈ ਹੈ। ਇਸ ਮੰਤਵ ਲਈ ਗੁਰਬਾਣੀ ਵਿਚਲੀਆਂ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥1॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥1॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਵਾਇ ॥2॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥3॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥" [20]
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥1॥" [21]

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਸੱਭਿਆਚਾਰ ਦੀ ਅਜਿਹੀ ਵੱਡ-ਮੁੱਲੀ ਵਿਰਾਸਤ ਹੈ ਜਿਸ ਨੇ ਮੱਧਕਾਲੀਨ ਪੰਜਾਬੀ ਅਤੇ ਭਾਰਤੀ ਸਮਾਜ-ਸਭਿਆਚਾਰ ਨੂੰ ਨਰੋਈਆਂ ਲੀਹਾਂ ਉੱਤੇ ਉਸਾਰਨ ਲਈ ਕ੍ਰਾਂਤੀਕਾਰੀ ਅਤੇ ਮਾਨਵ-ਹਿੱਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕੀਤੀ। ਇਸਦੇ ਸਿਰਜਿਤ ਪ੍ਰਵਚਨ ਵਿਚ ਪੇਸ਼ ਹੋਈ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਵਰਤਮਾਨ ਸਾਮਾਜਿਕ ਸੰਸਥਾਵਾਂ ਅਤੇ ਸੱਭਿਆਚਾਰਕ ਪਰੰਪਰਾਵਾਂ ਲਈ ਮੱਹਤਵ-ਪੂਰਣ ਅੰਤਰਦ੍ਰਿਸ਼ਟੀਆਂ ਪ੍ਰਦਾਨ ਕਰ ਸਕਦੀ ਹੈ। ਇਸ ਤੋਂ ਇਲਾਵਾ

---

[19] ਓਹੀ ,ਪੰਨਾ - 1350
[20] ਓਹੀ, ਪੰਨਾ - 885
[21] ਓਹੀ, ਪੰਨਾ - 1349

ਇਹ ਪਾਵਨ ਗ੍ਰੰਥ ਅੰਤਰ-ਧਰਮ-ਸੰਵਾਦ ਦਾ ਰੂਹਾਨੀ ਮਾਡਲ ਪ੍ਰਦਾਨ ਕਰਕੇ ਅਜੋਕੇ ਵਿਸ਼ਵ ਵਿਚ ਅਮਨ ਅਤੇ ਭਾਈਚਾਰੇ ਦਾ ਮਾਹੌਲ ਸਿਰਜ ਸਕਦਾ ਹੈ। ਇਹ ਕੌਮੀ ਅਤੇ ਕੌਮਾਂਤਰੀ ਸਿਆਸਤ ਦਾ ਸ਼ਿਕਾਰ ਹੋਏ ਧਰਮ ਨੂੰ, ਵਿਭਿੰਨ ਸੱਭਿਆਚਾਰਾਂ ਅਤੇ ਸੱਭਿਅਤਾਵਾਂ ਵਿਚਕਾਰ ਟਕਰਾਉ ਦਾ ਮੰਦਭਾਗਾ ਹੱਥਿਆਰ ਬਣਨ ਤੋਂ ਰੋਕਣ ਵਿਚ ਵੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ। ਅਜਿਹੀ ਸਥਿਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਿਰਫ਼ ਪੰਜਾਬ ਜਾਂ ਭਾਰਤ ਦੇ ਸੰਦਰਭ ਵਿਚ ਹੀ ਨਹੀਂ ਸਗੋਂ ਅਜੋਕੇ ਵਿਸ਼ਵ-ਵਿਆਪੀ / ਗਲੋਬਲ ਪਰਿਪੇਖ ਵਿਚ ਵੀ ਸਾਰਥਕ ਅਤੇ ਪ੍ਰਾਸੰਗਿਕ ਹੈ।

## ਸਭਿਆਚਾਰਕ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ : ਸ੍ਰੀ ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ ਦਾ ਪਾਵਨ ਗ੍ਰੰਥ ਹੋਣ ਦੇ ਨਾਲ ਨਾਲ, ਮੱਧਕਾਲੀਨ ਭਾਰਤ ਦੀ ਮਹੱਤਵਯੋਗ ਸਾਹਿੱਤਕ ਅਤੇ ਸਭਿਆਚਾਰਕ ਟੈਕਸਟ ਵੀ ਹੈ। ਅੱਜ ਤੋਂ ਚਾਰ ਸੌ ਸਾਲ ਪਹਿਲਾਂ ਗੁਰੂ ਅਰਜਨ ਦੇਵ ਦੁਆਰਾ ਰਚੇ ਗਏ ਇਸ ਮਹਾਂ-ਗ੍ਰੰਥ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਉਂਤਬੱਧ ਢੰਗ ਨਾਲ ਸੰਕਲਿਤ ਅਤੇ ਸੰਪਾਦਿਤ ਰਚਨਾ ਹੈ। ਇਸ ਵਿਚ ਸਿੱਖ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ, ਖੇਤਰੀ ਸਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਦੀ ਬਾਣੀ ਵੀ ਸ਼ਾਮਿਲ ਹੈ, ਜੋ ਇਸ ਨੂੰ ਸਰਬ-ਭਾਰਤੀ ਅਤੇ ਅਦੁੱਤੀ ਮਹੱਤਵ ਪ੍ਰਦਾਨ ਕਰਦੀ ਹੈ। ਸੱਚ ਤਾਂ ਇਹ ਹੈ ਕਿ ਇਸਦੀ ਸਿਰਜਣਾ ਤੇ ਸੰਕਲਪਨਾ ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਜਸ਼ੀਲ ਨਜ਼ਰ ਆਉਂਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ ਅਤੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ। ਸਿੱਖ ਸੰਸਥਾ ਦੇ ਅੰਤਰਗਤ ਇਸ ਪਾਵਨ ਗ੍ਰੰਥ ਵਿਚ ਸ਼ਾਮਿਲ ਸਮੁੱਚੀ ਬਾਣੀ ਨੂੰ **ਗੁਰਬਾਣੀ** ਵਜੋਂ ਮਾਨਤਾ ਪ੍ਰਾਪਤ ਹੈ। ਮਹੱਤਵਪੂਰਣ ਗੱਲ ਇਹ ਹੈ ਕਿ 12ਵੀਂ ਸਦੀ ਈਸਵੀ ਤੋਂ ਲੈਕੇ 17ਵੀਂ ਸਦੀ ਈਸਵੀ ਦੇ ਲੰਮੇ ਵਿਸਤਾਰ ਵਿਚ ਫੈਲੀ ਹੋਈ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਮਨੁੱਖੀ ਜੀਵਨ, ਜਗਤ ਅਤੇ ਯਥਾਰਥ ਬਾਰੇ ਇਸਦਾ ਸਮਾਨ ਦ੍ਰਿਸ਼ਟੀਕੋਣ ਹੀ ਇਸਦੀ ਅੰਦਰੂਨੀ ਏਕਤਾ ਅਤੇ ਵਿਚਾਰਧਾਰਾਈ ਇਕਸੁਰਤਾ ਦਾ ਲਖਾਇਕ ਹੈ ਜਿਸਦੇ ਸਾਮ੍ਹਣੇ ਇਸਦੇ ਸਮੂਹ ਖੇਤਰੀ, ਭਾਸ਼ਾਈ ਅਤੇ ਸਭਿਆਚਾਰਕ ਵਖਰੇਵੇਂ ਮਹੱਤਵਹੀਣ ਹੋ ਨਿਬੜਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਸਿਰਜਿਤ ਪ੍ਰਵਚਨ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ / ਸਰੋਤੇ ਨੂੰ ਸੰਬੋਧਿਤ ਹੁੰਦਾ ਹੈ ਅਤੇ ਮਾਨਵੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਂਦਾ ਹੈ। ਜ਼ਾਹਰਾ ਤੌਰ ਤੇ ਭਾਵੇਂ ਇਹ ਰਚਨਾ ਦਾਰਸ਼ਨਿਕ ਚਿੰਤਨ ਨਾਲ ਸੰਬੰਧਿਤ ਹੈ ਪਰ ਤਾਂ ਵੀ ਇਹ

ਦਰਸ਼ਨ-ਸ਼ਾਸਤਰ ਦੀ ਸੂਤਰ ਸ਼ੈਲੀ ਵਿਚ ਵਿਚਾਰਾਂ ਅਤੇ ਸੰਕਲਪਾਂ ਦਾ ਅਮੂਰਤ ਸੰਗਠਨ ਨਹੀਂ ਉਸਾਰਦੀ ਸਗੋਂ ਧਾਰਮਿਕ ਅਨੁਭਵ ਅਤੇ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਨ ਵਲ ਰੁਚਿਤ ਹੁੰਦੀ ਹੈ। ਰਾਗ ਦਾ ਸਰੋਦੀ ਮਾਹੌਲ, ਕਾਵਿ-ਸਿਰਜਣ ਦੀਆਂ ਪ੍ਰਗਟਾਉ-ਵਿਧੀਆਂ, ਸ਼ੈਲੀਗਤ ਜੁਗਤਾਂ, ਅਤੇ ਛੰਦ-ਪ੍ਰਬੰਧ ਦੀਆਂ ਬੰਦਸ਼ਾਂ ਇਸ ਰਚਨਾ ਨੂੰ ਵਿਲੱਖਣ ਚਰਿਤਰ ਪ੍ਰਦਾਨ ਕਰਦੀਆਂ ਹਨ।

ਇਸ ਪਾਵਨ-ਗ੍ਰੰਥ ਦੀ ਦੂਸਰੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਧਰਮ, ਸਮਾਜ ਅਤੇ ਸਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ। ਸਮਕਾਲੀਨ ਭਾਰਤੀ ਇਤਿਹਾਸਕਾਰਾਂ ਨੇ ਇਸਦੀ ਨਿਸ਼ਾਨਦੇਹੀ ਭਗਤੀ ਲਹਿਰ ਦੇ ਰੂਪ ਵਿਚ ਕੀਤੀ ਹੈ। ਸਭਿਆਚਾਰਕ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਧਰਮ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉੱਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ। ਇਸਤੋਂ ਇਲਾਵਾ ਇਸ ਲਹਿਰ ਨੇ ਤੱਤਕਾਲੀਨ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਅਤੇ ਪ੍ਰਚੱਲਤ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸੰਗਠਨਾਂ ਨੂੰ ਵੰਗਾਰਦਿਆਂ ਪੀੜਿਤ ਲੋਕਾਈ ਦੇ ਮਨ ਵਿਚ ਆਜ਼ਾਦੀ ਦਾ ਸੁਪਨਾ ਜਗਾਇਆ। ਸਮਕਾਲੀ ਮੁਹਾਵਰੇ ਅਨੁਸਾਰ, ਇਸ ਪਾਵਨ ਗ੍ਰੰਥ ਨੂੰ ਹਾਕਮ ਸ਼੍ਰੇਣੀ ਅਤੇ ਸਥਾਪਿਤ ਵਿਵਸਥਾ ਦੇ ਦਮਨਕਾਰੀ **ਸ਼ਕਤੀ-ਪ੍ਰਵਚਨ** ਨਾਲ ਸੰਵਾਦ ਰਚਾਉਣ ਵਾਲੇ **ਮੁਕਤੀ-ਪ੍ਰਵਚਨ** ਦਾ ਪ੍ਰਤੀਕ ਮੰਨਿਆਂ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮਾਨਵਜਾਤੀ ਦੇ ਅਵਚੇਤਨ ਵਿਚ ਵਸਦੀ ਉਸ ਸਦੀਵੀ ਲੋਚਾ ਨੂੰ ਮੂਰਤੀਮਾਨ ਕਰਦਾ ਹੈ ਜੋ ਹਰ ਕਿਸਮ ਦੇ ਜ਼ੁਲਮ, ਤਸ਼ੱਦਦ, ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਵਿਦਰੋਹ ਬਣ ਕੇ ਉਜਾਗਰ ਹੁੰਦੀ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਰਜਿਤ ਸੰਸਾਰ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਸੰਬੋਧਿਤ ਹੁੰਦਾ ਹੈ ਅਤੇ ਅਰਥਾਂ ਦਾ ਬਹੁ-ਪਰਤੀ ਤੇ ਬਹੁ-ਪਾਸਾਰੀ ਸੰਗਠਨ ਉਸਾਰਨ ਵਲ ਰੁਚਿਤ ਹੁੰਦਾ ਹੈ। ਜੇ ਇਕ ਪਾਸੇ ਇਹ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਦਾ ਸਦੀਵੀ ਪ੍ਰੇਰਣਾ-ਸਰੋਤ ਬਣਦਾ ਹੈ ਤਾਂ ਦੂਜੇ ਪਾਸੇ ਇਹ ਸਾਮਾਜਿਕ ਸੰਸਥਾਵਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕ੍ਰਾਂਤੀਕਾਰੀ ਪ੍ਰਵਚਨ ਦਾ ਨਿਰਮਾਨ ਵੀ ਕਰਦਾ ਹੈ। ਗੁਰਬਾਣੀ ਦਾ ਇਹ ਕ੍ਰਾਂਤੀਕਾਰੀ ਪ੍ਰਵਚਨ ਮੱਧਕਾਲੀਨ ਭਾਰਤੀ ਸਮਾਜ-ਸਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ ਅਤੇ ਮੂਲ-ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵਲ ਰੁਚਿਤ ਹੁੰਦਾ ਹੈ।

ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆਂ ਜਾ ਸਕਦਾ ਹੈ। ਪ੍ਰਸ਼ਨ ਇਹ ਹੈ ਕਿ ਆਦਿ ਗ੍ਰੰਥ ਦੇ ਬਾਣੀਕਾਰਾਂ ਨੇ

ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਜੋ ਸੰਦੇਸ਼ ਸੰਚਾਰਿਤ ਕੀਤਾ ਹੈ ਉਸਦਾ ਸਰੂਪ ਅਤੇ ਸੁਭਾ ਕਿਹੋ ਜਿਹਾ ਹੈ? ਅਤੇ ਇਸਦੀ ਵਰਤਮਾਨ ਸੰਦਰਭ ਵਿਚ ਕੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਹੈ?

ਪ੍ਰਸਿੱਧ ਰੂਸੀ ਵਿਦਵਾਨ ਮਿਖ਼ਾਈਲ ਬਾਖ਼ਤਿਨ ਦੇ ਮਤ ਅਨੁਸਾਰ ਹਰ ਭਾਸ਼ਾਈ ਉਚਾਰ ਜਾਂ ਪ੍ਰਵਚਨ ਜੀਵਨ-ਅਨੁਭਵ ਅਤੇ ਬੋਧ ਦੇ ਧਰਾਤਲ ਵਿਚੋਂ ਉੱਭਰਦਾ ਹੈ ਅਤੇ ਸਮਕਾਲੀ ਸਥਿਤੀ ਜਾਂ ਪੂਰਬਕਾਲੀ ਵਿਚਾਰਧਾਰਾ ਨਾਲ ਸੰਵਾਦ ਰਚਾਉਂਦਾ ਹੈ। ਪ੍ਰਵਚਨ ਦੀ ਇਹ ਸੰਵਾਦੀ ਸਥਿਤੀ ਉਸਨੂੰ ਸਮਾਜ-ਸਭਿਆਚਾਰ ਦੇ ਖੇਤਰ ਵਿਚ ਵਾਪਰ ਹਰੇ ਸੱਤਾ-ਸੰਘਰਸ਼ ਨਾਲ ਵੀ ਸੰਬੰਧਿਤ ਕਰ ਦਿੰਦੀ ਹੈ। ਇਓਂ ਅੰਤਿਮ ਅਰਥਾਂ ਵਿਚ ਪ੍ਰਵਚਨ ਵਿਚਾਧਾਰਾਈ ਸਿਰਜਣਾ ਹੋ ਨਿਬੜਦਾ ਹੈ। ਇਹ ਸਥਾਪਿਤ ਵਿਵਸਥਾ ਜਾਂ ਹਾਕਮ ਸ਼੍ਰੇਣੀ ਦੇ ਪੱਖ ਵਿਚ ਵੀ ਭੁਗਤ ਸਕਦਾ ਹੈ ਅਤੇ ਸੁਸਨੂੰ ਵੰਗਾਰਨ ਜਾਂ ਵਿਸਥਾਪਿਤ ਕਰਨ ਵਾਲੀ ਵਿਦਰੋਹੀ ਚੇਤਨਾ ਦੇ ਰੂਪ ਵਿਚ ਵੀ। ਅਜਿਹੀ ਦੂਸਰੀ ਸਥਿਤੀ ਵਿਚ ਪ੍ਰਵਚਨ ਕ੍ਰਾਂਤੀਕਾਰੀ ਹੋ ਨਿਬੜਦਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਆਦਿ ਗ੍ਰੰਥ ਬਾਣੀ ਦਾ ਸਿਰਜਣ-ਕਾਲ ਭਾਰਤ ਵਿਚ ਇਸਲਾਮੀ ਸਭਿਆਚਾਰ ਦੇ ਪ੍ਰਵੇਸ਼ ਦਾ ਦੌਰ ਹੈ। ਭਾਰਤ ਦੀ ਉੱਤਰ-ਪੱਛਮੀ ਸੀਮਾ ਵਲੋਂ ਹਮਲਾਵਰ ਦੇ ਰੂਪ ਵਿਚ ਪ੍ਰਵੇਸ਼ ਕਰਨ ਵਾਲੇ ਇਸ ਸਭਿਆਚਾਰ ਨੇ ਪਹਿਲੋਂ ਪਹਿਲ ਪੰਜਾਬ ਅਤੇ ਉਸਦੇ ਨਾਲ ਲਗਦੇ ਇਲਾਕਿਆਂ ਨੂੰ ਨਿਰੰਤਰ ਹਮਲਿਆਂ ਰਾਹੀਂ ਧਾੜਵੀ ਲੁੱਟ-ਖਸੁੱਟ ਦਾ ਸ਼ਿਕਾਰ ਬਣਾਇਆ। ਇਥੇ ਖ਼ਾਸ ਤੌਰ ਤੇ ਮਹਿਮੂਦ ਗ਼ਜ਼ਨਵੀ ਅਤੇ ਮੁਹੰਮਦ ਗ਼ੌਰੀ ਵਰਗੇ ਹਮਲਾਵਰਾਂ ਦੀਆਂ ਮੁਹਿੰਮਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਉਪਰੋਥਲੀ ਹਮਲਿਆਂ ਨੇ ਆਪਸ ਵਿਚ ਪਾਟੋ-ਧਾੜ ਹੋਏ ਰਾਜਪੂਤ ਸ਼ਾਸਕਾਂ ਦੀ ਸੈਨਿਕ ਸ਼ਕਤੀ ਨੂੰ ਨਸ਼ਟ ਕਰਕੇ ਭਾਰਤ ਵਿਚ ਇਸਲਾਮੀ ਹਕੂਮਤ ਦਾ ਰਾਹ ਪੱਧਰਾ ਕਰ ਦਿੱਤਾ। ਆਖ਼ਿਰਕਾਰ ਇਕ ਹਜ਼ਾਰ ਈਸਵੀ ਦੇ ਲਾਗੇ ਚਾਗੇ ਇਨ੍ਹਾਂ ਹਮਲਾਵਰਾਂ ਨੇ ਭਾਰਤ ਵਿਚ ਆਪਣੀ ਸਲਤਨਤ ਕਾਇਮ ਕਰ ਲਈ। ਪਹਿਲੋਂ ਪੰਜਾਬ ਵਿਚ ਅਤੇ ਫੇਰ ਦਿੱਲੀ ਅਤੇ ਉਸ ਤੋਂ ਪਾਰਲੇ ਇਲਾਕਿਆਂ ਨੂੰ ਇਸ ਸਲਤਨਤ ਵਿਚ ਸ਼ਾਮਿਲ ਕਰ ਲਿਆ ਗਿਆ। 1526 ਈਸਵੀ ਵਿਚ ਬਾਬਰ ਦੇ ਹਮਲੇ ਤੋਂ ਬਾਦ ਇਥੇ ਚਿਰਸਥਾਈ ਮੁਗ਼ਲ ਹਕੂਮਤ ਕਾਇਮ ਹੋ ਗਈ ਜਿਸਦਾ ਦੌਰ ਉੱਨੀਂਵੀ ਸਦੀ ਦੇ ਅੱਧ ਤਕ ਜਾਰੀ ਰਹਿੰਦਾ ਹੈ।

ਮੁਸਲਿਮ ਸ਼ਾਸਨ ਦੌਰਾਨ ਇਸਦੇ ਕਈ ਹਾਕਮਾਂ ਦੀ ਕੱਟੜ ਮਜ਼੍ਹਬੀ ਨੀਤੀ ਕਾਰਨ ਗ਼ੈਰ-ਮੁਸਲਿਮ ਪਰਜਾ ਨੂੰ ਅਨੇਕਾਂ ਵਾਰੀ ਆਪਣੇ ਪੂਜਾਸਥਾਨਾਂ ਦੀ ਬੇ-ਹੁਰਮਤੀ, ਜਬਰੀ ਧਰਮ-ਪਰਿਵਰਤਨ ਅਤੇ ਜਜ਼ੀਏ ਵਰਗੀਆਂ ਅਪਮਾਨਜਨਕ ਕਾਰਵਾਈਆਂ ਦਾ ਸਾਮ੍ਹਣਾ ਕਰਨਾ ਪਿਆ। ਇਸ ਤਰ੍ਹਾਂ ਮੁਸਲਿਮ ਸ਼ਾਸਕਾਂ ਅਤੇ ਗ਼ੈਰ-ਮੁਸਲਿਮ ਪਰਜਾ ਵਿਚਕਾਰ ਬੇ-ਭਰੋਸਗੀ ਅਤੇ ਅਲਗਾਉ ਦੀ ਭਾਵਨਾ ਫੈਲਦੀ ਗਈ। ਪਰ ਇਸੇ ਦੌਰਾਨ ਹੀ ਭਾਰਤ ਵਿਚ ਮੁਸਲਿਮ ਸੂਫ਼ੀ ਫ਼ਕੀਰਾਂ ਦਾ ਆਗਮਨ ਵੀ ਹੋਇਆ ਜਿਨ੍ਹਾਂ ਨੇ ਕੁਰਾਨਸ਼ਰੀਫ਼ ਦੇ ਅੰਦਰੂਨੀ / ਅਧਿਆਤਮਕ (ਬਾਤਨ) ਅਰਥਾਂ ਦੀ ਤਲਾਸ਼ ਰਾਹੀਂ ਇਸਲਾਮ ਦੀ ਰਹੱਸਵਾਦੀ ਵਿਆਖਿਆ ਦਾ ਮੁੱਢ ਬੰਨ੍ਹਿਆਂ ਅਤੇ ਬੰਦੇ ਅਤੇ ਖ਼ੁਦਾ ਦੀ ਰੂਹਾਨੀ ਏਕਤਾ ਅਤੇ ਅਭੇਦਤਾ (ਤਸੱਵੁਫ਼) ਉੱਪਰ ਬਲ ਦਿੱਤਾ। ਸੂਫ਼ੀਆਂ ਦੀ

ਜੀਵਨ-ਵਿਧੀ ਅਤੇ ਵਿਚਾਰਧਾਰਾ ਸ਼ਰ੍ਹਈ ਇਸਲਾਮ ਦੀ ਕੱਟੜਤਾ ਦੇ ਵਿਰੋਧ ਵਿਚ ਉਦਾਰ-ਮਾਨਵਵਾਦੀ ਭਾਵਨਾ ਦੀ ਲਖਾਇਕ ਸੀ।

ਇਸੇ ਹੀ ਸਮੇਂ ਭਾਰਤ ਵਿਚ ਸਭਿਆਚਾਰਕ ਨਵ-ਜਾਗ੍ਰਿਤੀ ਦੀ ਇਕ ਸ਼ਕਤੀਸ਼ਾਲੀ ਲਹਿਰ ਦਾ ਉੱਭਾਰ ਸਾਮ੍ਹਣੇ ਆਉਂਦਾ ਹੈ ਜਿਸਨੂੰ ਇਤਿਹਾਸਕਾਰਾਂ ਨੇ ਭਗਤੀ-ਲਹਿਰ ਦਾ ਨਾਮ ਦਿੱਤਾ ਹੈ। ਇਸ ਲਹਿਰ ਨੂੰ ਮੱਧਕਾਲੀਨ ਭਾਰਤ ਦੀ ਸੱਭ ਤੋਂ ਮਹੱਤਵਪੂਰਣ ਘਟਨਾ ਮੰਨਿਆਂ ਜਾ ਸਕਦਾ ਹੈ। ਇਸ ਲਹਿਰ ਨੇ ਹਿੰਦੂ ਧਾਰਮਿਕ ਵਿਰਸੇ ਦੀ ਪੁਨਰ-ਵਿਆਖਿਆ ਕਰਦਿਆਂ ਜਾਤੀ-ਪ੍ਰਥਾ, ਕਰਮਕਾਂਡ ਅਤੇ ਆਡੰਬਰ-ਯੁਕਤ ਸਾਧਨਾ ਨੂੰ ਰੱਦ ਕਰਕੇ ਪ੍ਰੇਮਾ-ਭਗਤੀ ਦਾ ਰੂਹਾਨੀ ਮਾਰਗ ਸੁਝਾਇਆ ਜਿਸਨੂੰ ਹਰ ਕੋਈ ਆਪਣਾ ਸਕਦਾ ਸੀ। ਇਸ ਤੋਂ ਇਲਾਵਾ ਭਗਤੀ ਲਹਿਰ ਦੇ ਸੰਤਾਂ ਅਤੇ ਭਗਤਾਂ ਨੇ ਦਸ਼ਿਤ ਅਤੇ ਦਮਨ ਦੀ ਸ਼ਿਕਾਰ ਲੋਕਾਈ ਦੇ ਹਾਰੇ ਹੋਏ ਮਨੋਬਲ ਨੂੰ ਉੱਚਾ ਕਰਨ ਵਿਚ ਵੀ ਸਹਾਇਤਾ ਕੀਤੀ। ਸਿੱਖ-ਲਹਿਰ ਨੂੰ ਇਸ ਮੱਧਕਾਲੀਨ ਭਗਤੀ ਲਹਿਰ ਦਾ ਸਿਖਰ ਮੰਨਿਆਂ ਜਾ ਸਕਦਾ ਹੈ ਜਿਸਨੇ ਆਦਿ ਗ੍ਰੰਥ ਬਾਣੀ ਦੇ ਰੂਪ ਵਿਚ ਇਸਨੂੰ ਕ੍ਰਾਂਤੀਕਾਰੀ ਚੇਤਨਾ ਦਾ ਸਦੀਵੀ ਪ੍ਰੇਰਣਾ-ਸਰੋਤ ਬਣਾ ਦਿੱਤਾ।

ਇਉਂ ਭਾਰਤੀ ਇਤਿਹਾਸ ਦਾ ਇਹ ਦੌਰ ਹਿੰਦੂ ਅਤੇ ਮੁਸਲਿਮ ਸਭਿਆਚਾਰਾਂ ਦੀ ਨਵ-ਜਾਗ੍ਰਿਤੀ ਦਾ ਦੌਰ ਹੈ ਜਿਸਦੇ ਅਲੰਬਰਦਾਰ ਸੂਫ਼ੀ, ਸੰਤ, ਭਗਤ ਅਤੇ ਗੁਰੂ-ਵਿਅਕਤੀ ਹਨ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਸਦਭਾਵਨਾ, ਸੁਹਿਰਦਤਾ ਅਤੇ ਸੰਵਾਦ ਦਾ ਅਜਿਹਾ ਵਾਤਾਵਰਣ ਤਿਆਰ ਕਰ ਦਿੱਤਾ ਜੋ ਵਿਭਿੰਨ ਸਭਿਆਚਾਰਾਂ ਨੂੰ ਸਮਨਵੈ ਅਤੇ ਸੁਮੇਲ ਦਾ ਸੰਦੇਸ਼ ਦਿੰਦਾ ਸੀ। ਇਸ ਰੂਹਾਨੀ ਨਵ-ਜਾਗ੍ਰਿਤੀ ਨੂੰ ਸਮਾਜ ਅਤੇ ਸਭਿਆਚਾਰ ਦੇ ਧਰਾਤਲ ਉੱਤੇ ਵਾਪਰੀ ਕ੍ਰਾਂਤੀਕਾਰੀ ਘਟਨਾ ਤਸੱਵਰ ਕੀਤਾ ਜਾ ਸਕਦਾ ਹੈ ਕਿਉਂ ਜੋ ਇਸਨੇ ਵਿਰਸੇ ਦੇ ਹਕੀਕੀ ਗੌਰਵ ਨੂੰ ਜਗਾ ਕੇ ਅਨੁਭਵ ਅਤੇ ਬੋਧ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਜੀਵਨ-ਵਿਧੀ ਦੀ ਨੁਹਾਰ ਨੂੰ ਵੀ ਤਬਦੀਲ ਕਰਨ ਦਾ ਉਪਰਾਲਾ ਕੀਤਾ। ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਇਸੇ ਕਿਸਮ ਦੀ ਸਭਿਆਚਾਰਕ ਕ੍ਰਾਂਤੀ ਦੀ ਦਸਤਾਵੇਜ਼ ਹੈ। ਇਹ ਬਾਣੀ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਨੂੰ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉੱਸਰ ਰਹੇ ਸੰਜੁਗਤ ਸਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ **ਰਾਮ ਰਾਮ** ਕੋਈ **ਖੁਦਾਇ** ॥
ਕੋਈ ਸੇਵੈ **ਗੁਸਈਆ** ਕੋਈ **ਅਲਾਹਿ** ॥1॥ ਕਾਰਣ ਕਰਣ **ਕਰੀਮ** ॥
ਕਿਰਪਾ ਧਾਰਿ **ਰਹੀਮ** ॥1॥ ਰਹਾਉ ॥
ਕੋਈ ਨਾਵੈ **ਤੀਰਥਿ** ਕੋਈ **ਹਜ** ਜਾਇ ॥

ਕੋਈ ਕਰੈ **ਪੂਜਾ** ਕੋਈ **ਸਿਰੁ  ਨਿਵਾਇ** ॥2॥

ਕੋਈ ਪੜੈ **ਬੇਦ** ਕੋਈ **ਕਤੇਬ** ॥ ਕੋਈ ਓਢੈ **ਨੀਲ** ਕੋਈ **ਸੁਪੇਦ** ॥3॥

ਕੋਈ ਕਹੈ **ਤੁਰਕੁ** ਕੋਈ ਕਹੈ  **ਹਿੰਦੂ** ॥

ਕੋਈ ਬਾਛੈ **ਭਿਸਤੁ** ਕੋਈ **ਸੁਰਗਿੰਦੂ** ॥4॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥

ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ॥5॥9॥

(ਆਦਿ ਗ੍ਰੰਥ, ਪੰਨਾ - 885 )

**ਮਿਹਰਵਾਨ ਮਉਲਾ** ਤੂਹੀ ਏਕ ॥ **ਪੀਰ ਪੈਕਾਂਬਰ ਸੇਖ** ॥

ਦਿਲਾ ਕਾ ਮਾਲਕੁ ਕਰੇ ਹਾਕੁ ॥ **ਕੁਰਾਨ ਕਤੇਬ** ਤੇ ਪਾਕੁ ॥3॥

**ਨਾਰਾਇਣ ਨਰਹਰ** ਦਇਆਲ ॥ ਰਮਤ **ਰਾਮ** ਘਟ ਘਟ ਆਧਾਰ ॥

**ਬਾਸੁਦੇਵ** ਬਸਤ ਸਭ  ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥4॥

ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ  ਸਿਰਜਣਹਾਰ ॥

ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ **ਅਲਹੁ ਪਾਰਬ੍ਰਹਮ**।

( ਆਦਿ ਗ੍ਰੰਥ, ਪੰਨਾ - 897 )

**ਅਲਹੁ** ਏਕੁ **ਮਸੀਤਿ** ਬਸਤੁ ਹੈ  ਅਵਰੁ ਮੁਲਖੁ ਕਿਸੁ ਕੇਰਾ ॥

ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥1॥

**ਅਲਹ ਰਾਮ** ਜੀਵਉ ਤੇਰੇ ਨਾਈ ॥

ਤੂ ਕਰਿ ਮਿਹਰਾਮਤਿ ਸਾਈ ॥1॥ ਰਹਾਉ॥

**ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ  ॥**

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥2॥

(ਆਦਿ ਗ੍ਰੰਥ, ਪੰਨਾ - 1349 )

ਇਥੇ ਬਾਣੀਕਾਰਾਂ ਨੇ ਆਪਣੇ ਧਾਰਮਿਕ ਧਾਰਮਿਕ ਅਨੁਭਵ ਅਤੇ ਬੋਧ ਨੂੰ ਪ੍ਰਗਟਾਉਣ ਲਈ ਜਿਨ੍ਹਾਂ ਚਿਹਨਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਉਹ ਹਿੰਦੂ ਅਤੇ ਮੁਸਲਿਮ ਵਿਰਸੇ ਦੇ ਧਰਮ-ਸ਼ਾਸਤਰੀ ਸੰਕਲਪਾਂ ਨਾਲ ਸੰਬੰਧਿਤ ਹਨ। ਅਜਿਹੀ ਸਥਿਤੀ ਪਰਸਪਰ ਸਹਿ-ਹੋਂਦ ਅਤੇ ਸੰਵਾਦ ਵਿਚੋਂ ਹੀ ਪੈਦਾ ਹੋ ਸਕਦੀ ਹੈ। ਬਾਣੀਕਾਰ ਇਨ੍ਹਾਂ ਵਿਭਿੰਨ ਧਰਮ-ਸ਼ਾਸਤਰੀ ਪਰੰਪਰਾਵਾਂ ਦੇ ਪ੍ਰਚੱਲਤ ਵਿਸ਼ਵਾਸ਼ਾਂ ਅਤੇ ਰਹੁ-ਰੀਤਾਂ ਦੀ ਵੰਨ-ਸੁਵੰਨਤਾ ਦੇ ਸਨਮੁਖ ਹੋ ਕੇ ਇਨ੍ਹਾਂ ਦੇ ਰੂਹਾਨੀ ਮਹੱਤਵ ਨੂੰ ਪਛਾਨਣ ਦਾ ਉਪਰਾਲਾ ਕਰਦੇ ਹਨ :

**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥**

ਆਪਿ ਤਰੈ ਸਗਲੇ ਕੁਲ ਤਾਰੈ ॥3॥

ਦਾਨਸਬੰਦੁ ਸੋਈ ਦਿਲਿ ਧੋਵੈ ॥ **ਮੁਸਲਮਾਣੁ ਸੋਈ ਮਲੁ ਖੋਵੈ** ॥

ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥4॥5॥7॥

( ਆਦਿ ਗ੍ਰੰਥ, ਪੰਨਾ - 662 )

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਏਹੁ **ਜਨੇਊ** ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

( ਆਦਿ ਗ੍ਰੰਥ, ਪੰਨਾ - 471 )

ਇਉਂ ਆਦਿ ਗ੍ਰੰਥ ਦੇ ਪ੍ਰਵਚਨ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪ੍ਰਸਤੁਤ ਕਰਕੇ ਇਨ੍ਹਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਆਦਿ ਗ੍ਰੰਥ ਬਾਣੀ ਵਿਚ ਪੇਸ਼ ਹੋਈ ਸਭਿਆਚਾਰਕ ਕ੍ਰਾਂਤੀਦਾ ਮਹੱਤਵਪੂਰਣ ਪਹਿਲੂ ਸਮਾਜ ਦੇ ਦੱਬੇ-ਕੁਚਲੇ ਅਤੇ ਨਿਤਾਣੇ ਵਰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ। ਇਸ ਪ੍ਰਵਚਨ ਵਿਚ ਵਿਸ਼ੇਸ਼ ਤੌਰ ਤੇ ਹਾਕਮ ਸ਼੍ਰੇਣੀ ਦੀ ਲੁੱਟ-ਖਸੁੱਟ ਦੇ ਸ਼ਿਕਾਰ ਮਿਹਨਤਕਸ਼ ਕਿਸਾਨਾਂ ਅਤੇ ਕਿਰਤੀਆਂ ਅਤੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਹੱਥੋਂ ਸਤਾਏ ਹੋਏ ਦਲਿਤ ਵਰਗਾਂ ਦਾ ਪੱਖ ਪੂਰਿਆ ਗਿਆ ਹੈ। ਇਸੇ ਕਿਸਮ ਦੀ ਭਾਵਨਾ ਦਾ ਸਮੂਰਤ ਪ੍ਰਗਟਾਵਾ ਗੁਰੂ ਨਾਨਕ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਨੀਚਾ ਅੰਦਰਿ **ਨੀਚ ਜਾਤਿ** ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ **ਸੰਗਿ ਸਾਥਿ**

ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ

ਤਿਥੈ ਨਦਰਿ ਤੇਰੀ ਬਖਸੀਸੁ।

( ਆਦਿ ਗ੍ਰੰਥ, ਪੰਨਾ - 15 )

ਇਸੇ ਤਰ੍ਹਾਂ ਹੀ ਭਗਤ ਕਬੀਰ ਜੀ ਨੇ ਵੀ ਜਤੀ-ਪ੍ਰਥਾ ਦੇ ਇਸ ਮਸਨੂਈ ਕਿਰਦਾਰ ਨੂੰ ਉਘਾੜਨ ਦਾ ਜਤਨ ਅਪਣੀ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਕੀਤਾ ਹੈ :

**ਗਰਭ ਵਾਸ** ਮਹਿ **ਕੁਲੁ** ਨਹੀ **ਜਾਤੀ** ॥

**ਬ੍ਰਹਮ ਬਿੰਦੁ** ਤੇ ਸਭ ਉਤਪਾਤੀ ॥1॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਬਾਮਨ ਕਹਿ ਕਹਿ ਜਨਮੁ ਮਤ ਖੋਏ ॥1॥ ਰਹਾਉ ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥

ਤਉ **ਆਨ ਬਾਟ** ਕਾਹੇ ਨਹੀ ਆਇਆ ॥2॥
ਤੁਮ ਕਤ **ਬ੍ਰਾਹਮਣ** ਹਮ ਕਤ **ਸੂਦ** ॥
ਹਮ ਕਤ **ਲੋਹੂ** ਤੁਮ ਕਤ **ਦੂਧ** ॥3॥

( ਆਦਿ ਗ੍ਰੰਥ, ਪੰਨਾ - 324 )

ਭਗਤ ਕਬੀਰ ਦੀਆਂ ਇਨ੍ਹਾਂ ਪੰਗਤੀਆਂ ਵਿਚ ਜਾਤੀ-ਪ੍ਰਥਾ ਦੇ ਵਿਵੇਕ ਨੂੰ ਲੋਕ-ਸੂਝ ਦੇ ਆਧਾਰ ਤੇ ਰੱਦ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਕਬੀਰ ਜੀ ਨੇ ਇਥੇ ਮਨੁੱਖੀ ਸਮਾਜ ਨੂੰ **ਕੁਲ** ਅਤੇ **ਜਾਤੀ** ਦੇ ਆਧਾਰਾਂ ਅਨੁਸਾਰ ਵੰਡਣ ਵਾਲੀ ਮਿੱਥ ਨੂੰ ਤੋੜਿਆ ਹੈ ਕੀਤਾ ਹੈ। ਉਨ੍ਹਾਂ ਦਾ ਵਿਵੇਕ ਇਸ ਤੱਥ ਵਲ ਸੰਕੇਤ ਕਰ ਰਿਹਾ ਹੈ ਕਿ **ਬ੍ਰਾਹਮਣ** (ਕੁਲੀਨ) ਅਤੇ **ਸੂਦ** (ਦਲਿਤ) ਦੋਵੇਂ ਹੀ ਸੰਸਾਰ ਦੇ ਸਮੂਹ ਪ੍ਰਾਣੀਆਂ ਵਾਂਗ ਬ੍ਰਹਮ ਬਿੰਦੂ ਦੀ ਉਪਜ ਹਨ। ਇਨ੍ਹਾਂ ਵਿਚਕਾਰ ਸਿਰਜੀ ਗਈ ਵਿੱਥ ਮਸਨੂਈ ਹੈ। ਇਸੇ ਤਰ੍ਹਾਂ ਹੀ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਜਾਤੀ-ਪ੍ਰਥਾ ਦਾ ਖੰਡਨ ਕੀਤਾ ਗਿਆ ਹੈ। ਭਗਤ ਜੀ ਖ਼ੁਦ ਦਲਿਤ ਜਾਤੀ ਨਾਲ ਸੰਬੰਧਿਤ ਹੋਣ ਕਾਰਣ ਆਪਣੇ ਨਿਜੀ ਅਨੁਭਵ ਨੂੰ ਵਿਅੰਗ ਅਤੇ ਕਟਾਖ਼ਸ਼ ਨਾਲ ਮੂਰਤੀਮਾਨ ਕਰਦੇ ਹਨ। ਉਹ ਆਪਣੇ ਨਾਲ ਹੁੰਦੀ ਬਦਸਲੂਕੀ ਦਾ ਹਾਲ ਆਪਣੇ ਪ੍ਰਭੂ (**ਬਾਪ ਬੀਠਲਾ**) ਸਾਮ੍ਹਣੇ ਇਨ੍ਹਾਂ ਪੰਗਤੀਆਂ ਰਾਹੀਂ ਪੇਸ਼ ਕਰਦੇ ਹਨ :

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥
ਤੂ ਨ ਬਿਸਾਰੇ ਰਾਮਈਆ ॥1॥ ਰਹਾਉ ॥
ਆਲਾਵੰਤੀ ਇਹੁ ਭ੍ਰਮੁ ਜੋ ਹੈ
ਮੁਝ ਊਪਰਿ ਸਭ ਕੋਪਿਲਾ ॥
**ਸੂਦੁ ਸੂਦੁ** ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ ॥1॥
ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ ॥
ਏ **ਪੰਡੀਆ** ਮੋ ਕਉ **ਢੇਢ** ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ ॥2॥

( ਆਦਿ ਗ੍ਰੰਥ, ਪੰਨਾ - 1292 )

ਮਹੱਤਵਪੂਰਣ ਗੱਲ ਇਹ ਹੈ ਕਿ ਆਦਿ ਗ੍ਰੰਥ ਬਾਣੀ ਵਿਚਲੀ ਕ੍ਰਾਂਤੀਕਾਰੀ ਚੇਤਨਾ ਸਿਰਫ਼ ਸਾਮਾਜਿਕ ਅਤੇ ਸਭਿਆਚਾਰਕ ਖੇਤਰ ਤਕ ਸੀਮਿਤ ਨਹੀਂ ਸਗੋਂ ਇਥੇ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਦੀ ਵੀ ਤਿੱਖੀ ਆਲੋਚਨਾ ਕਤਿੀ ਗਈ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਰਾਜੇ ਸੀਹ ਮੁਕਦਮ ਕੁਤੇ ॥

ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥
ਨਕੀਂ ਵਢੀਂ ਲਾਇਤਬਾਰ।

( ਆਦਿ ਗ੍ਰੰਥ, ਪੰਨਾ – 1288 )

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀਂ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

( ਆਦਿ ਗ੍ਰੰਥ, ਪੰਨਾ – 145 )

ਇਉਂ ਆਦਿ ਗ੍ਰੰਥ ਬਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਨੂੰ ਵੰਗਾਰਨ ਵਲ ਰੁਚਿਤ ਹੁੰਦਾ ਹੈ ਅਤੇ ਆਰਥਿਕ ਦ੍ਰਿਸ਼ਟੀ ਤੋਂ ਦੱਬੇ-ਕੁਚਲੇ ਲੋਕਾਂ ਅਤੇ ਸਾਮਾਜਿਕ ਅਨਿਆਂ ਭੋਗਦੇ ਦਲਿਤ ਵਰਗਾਂ ਦੀ ਖ਼ਾਮੋਸ਼ੀ ਨੂੰ ਜ਼ੁਬਾਨ ਦਿੰਦਾ ਹੈ। ਇਹ ਮੁਗ਼ਲ ਸਮੰਤਵਾਦ ਅਤੇ ਜਾਗੀਰਦਾਰੀ ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸਨ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਪੈਦਾ ਕਰਦਾ ਹੈ। ਇਹ ਕਿਸੇ ਵੀ **ਸੰਸਾਰਕ ਪਾਤਸਾਹ** ਦੀ ਥੋੜ੍ਹ-ਚਿਰੀ ਹਕੂਮਤ ਦੇ ਮੁਕਾਬਲੇ ਉੱਤੇ **ਸੱਚੇ ਪਾਤਸ਼ਾਹ** (ਪ੍ਰਭੂ) ਦੀ ਸਦੀਵੀ ਸਲਤਨਤ ਦਾ ਮਿਥਕ ਬਿੰਬ ਉਸਾਰਨ ਦੀ ਚੇਸ਼ਟਾ ਕਰਦਾ ਹੈ। ਇਸ ਮੰਤਵ ਲਈ ਨਿਮਨ-ਅੰਕਿਤ ਪੰਗਤੀਆਂ ਧਿਆਨਯੋਗ ਹਨ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂਪਲੰਘਨਿਵਾਰ ਸਰਾਇਚੇ ਲਾਲਤੀ ॥

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥

( ਆਦਿ ਗ੍ਰੰਥ, ਪੰਨਾ – 141 )

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥

( ਆਦਿ ਗ੍ਰੰਥ, ਪੰਨਾ – 7 )

ਆਦਿ ਗ੍ਰੰਥ ਵਿਚ ਪੇਸ਼ ਹੋਏ ਇਸ ਸਭਿਆਚਾਰਕ ਕ੍ਰਾਂਤੀ ਦੇ ਸੰਕਲਪ ਦੀ ਚੇਤਨਾ ਵਿਚ ਆਖਿਆ ਜਾ ਸਕਦਾ ਹੈ ਕਿ ਇਸ ਬਾਣੀ ਦਾ ਪ੍ਰਵਚਨ-ਵਿਧਾਨ ਵੇਲੇ ਦੇ ਮਨੁੱਖ ਨੂੰ ਆਪਣੀ ਮਾਨਵੀ ਹੋਂਦ ਦਾ ਹਕੀਕੀ ਗੌਰਵ ਪਛਾਨਣ ਦਾ ਸੰਦੇਸ਼ ਦਿੰਦਾ ਹੈ। ਇਹ ਹਾਕਮ-ਸ਼੍ਰੇਣੀ ਦੇ ਅਤਿਆਚਾਰ ਅਤੇ ਅਨਿਆਂ ਦਾ ਪਰਦਾ ਫ਼ਾਸ਼ ਕਰਕੇ ਆਤੰਕਿਤ ਅਤੇ ਸ਼ੋਸ਼ਿਤ ਪਰਜਾ ਦੇ ਮਨੋਬਲ ਨੂੰ ਮਜ਼ਬੂਤ ਕਰਦਾ ਹੈ। ਇਸੇ ਤਰ੍ਹਾਂ ਹੀ ਇਹ ਬ੍ਰਾਹਮਣਵਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ-ਪ੍ਰਥਾ ਦੇ ਵਿਵੇਕਹੀਣ ਤੰਤਰ ਦੀ ਨਿਖੇਧੀ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਮਨੁੱਖ ਨੂੰ, ਗੁਰਬਾਣੀ ਵਿਚ ਪੇਸ਼ ਹੋਏ ਦੈਵੀ ਸੱਤਾ ਦੇ ਸੰਕਲਪ ( ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ) ਨੂੰ, ਨੈਤਿਕ ਅਗਵਾਈ ਦਾ ਰੂਹਾਨੀ ਮਾਡਲ ਬਣਾਉਣ ਲਈ ਪ੍ਰੇਰਦਾ ਹੈ। **ਨਿਰਭਉ** ਅਤੇ **ਨਿਰਵੈਰੁ** ਹੋ ਕੇ ਜਿਉਣ ਵਾਲੀ ਇਸ ਜੀਵਨ-ਵਿਧੀ ਵਿਚ ਸਭਿਆਚਾਰਕ ਕ੍ਰਾਂਤੀ ਦਾ ਹੀ ਪ੍ਰਤੱਖ ਪ੍ਰਮਾਣ ਦਿਖਾਈ ਦਿੰਦਾ ਹੈ।

ਹੁਣ ਦੇਖਣਾ ਇਹ ਹੈ ਕਿ ਆਦਿ ਗ੍ਰੰਥ ਬਾਣੀ ਦੇ ਪ੍ਰਵਚਨ ਵਿਚ ਮਾਨਵ-ਮੁਕਤੀ ਦਾ ਕਿਸ ਕਿਸਮ ਦਾ ਸੰਕਲਪ ਪੇਸ਼ ਹੁੰਦਾ ਹੈ। ਮੁੱਢਲੀ ਗੱਲ ਇਹ ਹੈ ਕਿ ਭਾਰਤ ਦੀਆਂ ਸਮੂਹ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾਵਾਂ ਵਿਚ ਮਨੁੱਖੀ ਜੀਵਨ ਦੇ ਪਰਮ ਮਨੋਰਥ ਜਾਂ ਪਰਮਾਰਥ ਨੂੰ ਮੋਖ, ਮੁਕਤਿ ਜਾਂ ਨਿਰਵਾਣ ਵਰਗੇ ਸੰਕਲਪਾਂ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਨ ਦੀ ਚੇਸ਼ਟਾ ਕੀਤੀ ਗਈ ਹੈ। ਮਿਸਾਲ ਵਜੋਂ ਕਲਾਸੀਕਲ ਹਿੰਦੂ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਚਾਰ ਪਰਮ-ਆਦਰਸ਼ ਜਾਂ ਪਦਾਰਥ ਹਨ – ਧਰਮ, ਅਰਥ, ਕਾਮ ਅਤੇ ਮੋਖ। ਇਨ੍ਹਾਂ ਵਿਚੋਂ ਮੋਖ ਨੂੰ ਸਰਬ-ਉੱਚ ਮੰਨਿਆਂ ਗਿਆ ਹੈ। ਇਥੇ ਧਰਮ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਨਿਯੰਤਰਿਤ ਕਰਨ ਵਾਲੇ ਨੈਤਿਕ ਵਿਧਾਨ ਦਾ ਲਖਾਇਕ ਹੈ ਜਦੋਂ ਕਿ ਅਰਥ ਅਤੇ ਕਾਮ ਮਨੁੱਖੀ ਜੀਵਨ ਦੀਆਂ ਭੌਤਿਕ ਅਤੇ ਪ੍ਰਵਿਰਤੀ-ਮੂਲਕ ਲੋੜਾਂ ਦੀ ਪੂਰਤੀ ਦੇ ਆਧਾਰ ਹਨ। ਇਹ ਪਹਿਲੇ ਤਿੰਨ ਪਦਾਰਥ ਮਨੁਖੀ ਹੋਂਦ ਦੇ ਲੌਕਿਕ ਸਰੋਕਾਰ ਮੰਨੇ ਜਾ ਸਕਦੇ ਹਨ। ਇਨ੍ਹਾਂ ਦੇ ਮੁਕਾਬਲੇ ਉੱਤੇ ਮੋਖ ਦਾ ਖੇਤਰ ਪਰਮਾਰਥ ੍ਰਲਟਮਿਓਟਣ

੍ਰਇਓਲਟਿ) ਦੀ ਚੇਤਨਾ ਦਾ ਖੇਤਰ ਹੈ ਜੋ ਇਨ੍ਹਾਂ ਲੌਕਿਕ ਸਰੋਕਾਰਾਂ ਨੂੰ ਅਲੌਕਿਕ ਜਾਂ ਪਾਰਗਾਮੀ ਸੰਦਰਭ ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਹੀ ਬੌਧ-ਚਿੰਤਨ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਨੂੰ ਨਿਰਵਾਣ ਦੇ ਹਵਾਲੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਤ੍ਰਿਸ਼ਨਾ ਜਾਂ ਕਾਮਨਾ ਦੀ ਭਟਕਣ ਤੋਂ ਮੁਕਤ ਹੋਣ ਦੀ ਅਵਸਥਾ ਮੰਨੀ ਗਈ ਹੈ। ਆਦਿ ਗ੍ਰੰਥ ਦੇ ਪਾਠ-ਪ੍ਰਬੰਧ ਵਿਚ ਵੀ ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਵਲ ਸੰਕੇਤ ਕਰਨ ਵਾਲੇ ਉਪਰੋਕਤ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜੋ ਇਸਦੀ ਪੂਰਬ-ਪ੍ਰਚਲਿਤ ਪਰੰਪਰਾ ਨਾਲ ਅੰਦਰੂਨੀ ਸਾਂਝ ਦਾ ਅਹਿਸਾਸ ਕਰਾਉਂਦੀ ਹੈ। ਤਾਂ ਵੀ ਗੁਰਬਾਣੀ ਦਾ ਪ੍ਰਵਚਨ-ਵਿਧਾਨ ਇਨ੍ਹਾਂ ਪਰੰਪਰਕ ਸੰਕਲਪਾਂ ਨੂੰ ਇੰਨ-ਬਿੰਨ ਓਨ੍ਹਾਂ ਅਰਥਾਂ ਵਿਚ ਇਸਤੇਮਾਲ ਨਹੀਂ ਕਰਦਾ ਸਗੋਂ ਇਨ੍ਹਾਂ ਨੂੰ ਸੰਵਾਦ ਦੀ ਪ੍ਰਕਿਰਿਆ ਵਿਚ ਪਾ ਕੇ ਅਰਥਾਂ ਦਾ ਨਵਾਂ ਪਰਿਪੇਖ ਉਸਾਰਨ ਵਲ ਰੁਚਿਤ ਹੁੰਦਾ ਹੈ। ਸਿੱਟੇ ਵਜੋਂ ਇਥੇ ਮਾਨਵ-ਮੁਕਤੀ ਦਾ ਨਵਾਂ ਸੰਕਲਪ ਉਜਾਗਰ ਹੁੰਦਾ ਹੈ ਜੋ ਇਸ ਪ੍ਰਵਚਨ ਦੇ ਕ੍ਰਾਂਤੀਕਾਰੀ ਸੁਭਾ ਦੇ ਅਨੁਰੂਪ ਹੈ।

ਮੋਖ, ਮੁਕਤ ਜਾਂ ਨਿਰਵਾਣ ਦੇ ਸੰਕਲਪ ਮੂਲ ਰੂਪ ਵਿਚ ਮਨੁੱਖੀ ਜੀਵਨ ਦੀ ਉਸ ਬੰਧਨ- ਸਥਿਤੀ ਜਾਂ ਭਵਸਾਗਰ ਦੀ ਭਟਕਣ ਵਲ ਸੰਕੇਤ ਕਰਦੇ ਹਨ ਜਿਨ੍ਹਾਂ ਤੋਂ ਛੁਟਕਾਰਾ ਹਾਸਿਲ ਕਰਨਾ ਇਸਦਾ ਪਰਮ-ਮਨੋਰਥ ਮੰਨਿਆਂ ਗਿਆ ਹੈ। ਮਨੁੱਖ ਦੀ ਹਸਤੀ ਅਤੇ ਹੋਂਦ ਨੂੰ ਮੁਕਤੀ ਅਤੇ ਬੰਧਨ ਦੇ ਸੰਦਰਭ ਵਿਚ ਰੱਖ ਕੇ ਪਰਿਭਾਸ਼ਿਤ ਕਰਨ ਲਈ ਸੱਭ ਤੋਂ ਪਹਿਲਾਂ ਮਨੁੱਖ ਦੇ ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ।ਵਿਸ਼ਵ ਦੇ ਸਮੂਹ ਧਾਰਮਿਕ ਅਤੇ ਦਾਰਸ਼ਨਿਕ ਚਿੰਤਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਸਮੱਸਿਆ-ਗ੍ਰਸਤ ਹਸਤੀ ਅਤੇ ਹੋਂਦ ਵਲ ਸੰਕੇਤ ਕੀਤਾ ਹੈ। ਨਿਰੰਕੁਸ਼ ਜਾਂ ਨਿਰਪੇਖ ਸੁਤੰਤਰਤਾ ਮਨੁੱਖੀ ਹੋਂਦ ਦੇ ਹਿੱਸੇ ਨਹੀਂ ਆਉਂਦੀ ਸਗੋਂ ਬੰਧਨ ਅਤੇ ਸੁਤੰਤਰਤਾ ਦੇ ਸਦੀਵੀ ਦਵੰਦ ਵਿਚ ਵਿਚਰਨਾ ਹੀ ਉਸ ਦੀ ਹੋਣੀ ਹੈ। ਅਜਿਹੀ ਸਥਿਤੀ ਵਿਚ ਜ਼ਾਹਰ ਹੈ ਕਿ ਮਾਨਵ-ਮੁਕਤੀ ਦਾ ਵਾਸਤਵਿਕ ਖੇਤਰ ਜੀਵਾਤਮਕ ਅਤੇ ਭੌਤਿਕ ਲੋੜਾਂ ਤੋਂ ਮੁਕਤੀ ਦਾ ਖੇਤਰ ਨਹੀਂ ਅਤੇ ਨਾ ਹੀ ਸਮਾਜ-ਸਭਿਆਚਾਰ ਦੀ ਅਨਿਵਾਰਤਾ ਤੋਂ ਮੁਕਤੀ ਦਾ ਖੇਤਰ ਹੈ। ਮਨੁੱਖ ਆਪਣੀ ਮਾਨਵੀ ਸੁਤੰਤਰਤਾ ਨਿਜ (ਸਇਲਡ ) ਅਤੇ ਪਰ ()ਟਹਇਰ) ਨਾਲ ਇਕਸੁਰ ਹੋ ਕੇ ਜਿਉਣ ਦੀ ਸਥਿਤੀ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਆਦਿ ਗ੍ਰੰਥ ਬਾਣੀ ਦੇ ਪ੍ਰਵਚਨ ਵਿਚ ਵੀ ਮਾਨਵ-ਮੁਕਤੀ ਦਾ ਕੁਝ ਇਸੇ ਕਿਸਮ ਦਾ ਸੰਕਲਪ ਉੱਭਰ ਕੇ ਸਾਮ੍ਹਣੇ ਆਉਂਦਾ ਹੈ। ਇਥੇ ਮੁਕਤੀ ਨੂੰ ਇਕ ਵਿਸ਼ੇਸ਼ ਭਾਂਤ ਦੀ ਮਨੋਸਥਿਤੀ ਅਤੇ ਜੀਵਨ-ਵਿਧੀ ਦਾ ਪ੍ਰਤਿਫਲ ਮੰਨਿਆਂ ਗਿਆ ਹੈ। ਬਾਣੀਕਾਰਾਂ ਨੇ ਮਨੁੱਖ ਦੀ ਮੁਕਤ-ਅਵਸਥਾ ਨੂੰ ਆਪੇ ਦੇ ਬ੍ਰਹਮ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਣ ਦੀ ਅਵਸਥਾ ਵਜੋਂ ਪਰਿਭਾਸ਼ਿਤ ਕੀਤਾ ਹੈ। ਇਹ ਮੁਕਤ-ਅਵਸਥਾ ਕਾਮਨਾ ਦੇ ਦਮਨ ਰਾਹੀਂ ਨਹੀਂ ਸਗੋਂ ਸੰਜਮ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਸੰਸਾਰ ਜਾਂ ਸਮਾਜ-ਸਭਿਆਚਾਰ ਤੋਂ ਭਾਂਜ ਦਾ ਮਾਰਗ ਨਹੀਂ ਸਗੋਂ ਸੰਸਾਰ ਦੀ ਸੰਸਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨ ਦਾ ਮਾਰਗ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ :

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ
ਏਹਾ ਭਗਤਿ ਹਰਿ ਭਾਵਣਿਆ ॥

( ਆਦਿ ਗ੍ਰੰਥ, ਪੰਨਾ – 122 )

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ
ਨਾਨਕੁ ਤਾ ਕਾ ਦਾਸੋ ॥

(ਆਦਿ ਗ੍ਰੰਥ, ਪੰਨਾ – 938)

ਬਾਣੀਕਾਰਾਂ ਨੇ ਹਉਮੈ ਅਤੇ ਮਮਤਾ ਨੂੰ ਬੰਧਨ ਦਾ ਕਾਰਣ ਦਰਸਾਉਂਦਿਆਂ ਮਨੁੱਖ ਨੂੰ ਹੁਕਮ ਦੇ ਬ੍ਰਹਿਮੰਡੀ ਵਿਧਾਨ ਨਾਲ ਇਕਸੁਰ ਹੋ ਕੇ ਜਿਉਣ ਦੀ ਚੇਤਨਾ ਜਗਾਉਣ ਦਾ ਉਪਰਾਲਾ ਕੀਤਾ ਹੈ ਜੋ ਮਾਨਵ-ਮੁਕਤੀ ਦੀ ਸਰਬੋਤਮ ਸਥਿਤੀ ਮੰਨੀ ਜਾ ਸਕਦੀ ਹੈ :

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥

(ਆਦਿ ਗ੍ਰੰਥ, ਪੰਨਾ – 1427)

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

( ਆਦਿ ਗ੍ਰੰਥ, ਪੰਨਾ – 1 )

ਇਉਂ ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਇਕ ਅਜਿਹੇ ਮਾਨਵ ਦਾ ਆਦਰਸ਼ ਪ੍ਰਸਤੁਤ ਕਰਦਾ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਪ੍ਰੰਪਰਕ ਵਿਕਾਰਾਂ ਤੋਂ ਮੁਕਤ ਹੋ ਕੇ ਆਪੇ ਨਾਲ ਇਕਸੁਰ ਹੋ ਕੇ ਵਿਚਰਦਾ ਹੈ ਅਤੇ ਗਿਰਹੀ ਮਾਹਿ ਉਦਾਸਾ ਦੀ ਨਿਰਲੇਪ ਭਾਵਨਾ ਧਾਰਣ ਕਰਦਾ ਹੋਇਆ ਸੰਸਾਰ ਦੀ ਸੰਸਾਰਕਿਤਾ ਨਾਲ ਮਾਨਸਿਕ ਦੂਰੀ ਥਾਪਣ ਦੀ ਚੇਸ਼ਟਾ ਕਰਦਾ ਹੈ। ਉਹ ਆਪਣੀ ਹਉਮੈ ਦੀ ਤੰਗ ਵਲਗਣ ਵਿਚੋਂ ਉੱਭਰ ਕੇ ਬ੍ਰਹਿਮੰਡੀ ਹੁਕਮ ਨਾਲ ਵੀ ਇਕਸੁਰ ਹੋਣ ਦਾ ਜਤਨ ਕਰਦਾ ਹੈ। ਇਸ ਕਿਸਮ ਦੀ ਸਥਿਤੀ ਨੂੰ ਹੀ ਬਾਣੀਕਾਰਾਂ ਨੇ ਮਾਨਵ-ਮੁਕਤੀ ਦੇ ਸਰਬੋਤਮ ਆਦਰਸ਼ ਵਜੋਂ ਸਥਾਪਿਤ ਕੀਤਾ ਹੈ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਆਦਿ ਗ੍ਰੰਥ ਬਾਣੀ ਮੱਧਕਾਲੀਨ ਭਾਰਤ ਦੀ ਅਜਿਹੀ ਮਹੱਤਵਪੂਰਣ ਸਭਿਆਚਾਰਕ ਟੈਕਸਟ ਹੈ ਜੋ ਸਭਿਆਚਾਰਕ ਕ੍ਰਾਂਤੀ ਦਾ ਸੰਦੇਸ਼ ਸੰਚਾਰਿਤ ਕਰਦੀ ਹੈ ਅਤੇ ਮਨੁੱਖੀ ਜੀਵਨ ਨੂੰ ਪ੍ਰਾਮਾਣਿਕ ਹੋਂਦ ਦੇ ਗੌਰਵ ਨਾਲ ਜੋੜਣ ਦਾ ਉਪਰਾਲਾ ਵੀ ਕਰਦੀ ਹੈ। ਉਪਰੋਕਤ ਸਥਿਤੀ ਦੇ ਸੰਦਰਭ ਵਿਚ ਇਸ ਰਚਨਾ ਨੂੰ ਹੱਕੀ ਤੌਰ ਤੇ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਪ੍ਰਵਚਨ ਆਖਿਆ ਜਾ ਸਕਦਾ ਹੈ।